ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਅਜੋਕੀ ਪੰਜਾਬੀ ਗੀਤ ਵੀਡੀਓ ਦਾ ਵਿਚਾਰਧਾਰਾਈ ਅਧਿਐਨ



ਜਗਸੀਰ ਸਿੰਘ
ਖੋਜਾਰਥੀ
ਪੰਜਾਬੀ ਵਿਭਾਗ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ
+91 98768-36867

ਕੋਈ ਵੀ ਸਮਾਜ ਵਿਚਾਰਧਾਰਾ ਤੋਂ ਸੱਖਣਾ ਨਹੀਂ ਹੋ ਸਕਦਾ। ਇਸ ਲਈ ਵਿਚਾਰਧਾਰਾ ਦੇ ਸੰਕਲਪ ਨੂੰ ਹਰ ਸਮਾਜ ਦਾ ਕੇਂਦਰੀ ਸੰਕਲਪ ਆਖਿਆ ਜਾ ਸਕਦਾ ਹੈ ਜਿਸ ਵਿਚ ਉਸ ਸਮਾਜ ਦੇ ਸੱਭਿਆਚਾਰਕ, ਰਾਜਸੀ, ਧਾਰਮਿਕ, ਅਕਾਦਮਿਕ, ਕਾਨੂੰਨੀ ਆਦਿ ਵਿਚਾਰ ਸੰਗਠਿਤ ਰੂਪ ਵਿਚ ਸ਼ਾਮਿਲ ਹੁੰਦੇ ਹਨ। ਅੱਜ ਦੇ ਸਮੇਂ ਅਤੇ ਸਮਾਜ ਨੂੰ ਸਮਝਣ ਲਈ ਵਿਚਾਰਧਾਰਾ ਦੇ ਸੰਕਲਪ ਨੂੰ ਜਾਣਨਾ ਤੇ ਸਮਝਣਾ ਬਹੁਤ ਜਰੂਰੀ ਹੈ। ਇਸ ਸੰਕਲਪ ਬਾਰੇ ਸਿੱਧੀ ਤੇ ਸਪਸ਼ਟ ਪਹੁੰਚ ਅਪਣਾਉਣੀ ਅਸੰਭਵ ਹੈ ਕਿਉਂਕਿ ਵਿਚਾਰਧਾਰਾ ਵਿਚ ਅਨੇਕਾਂ ਗੁੰਝਲਦਾਰ, ਅਸਪਸ਼ਟ ਤੇ ਪਰਸਪਰ ਵਿਰੋਧੀ ਤੱਤ ਹਰ ਸਮੇਂ ਹਾਜ਼ਰ ਰਹਿੰਦੇ ਹਨ। ਡਾ. ਰਵਿੰਦਰ ਸਿੰਘ ਰਵੀ ਅਨੁਸਾਰ, "ਵਿਚਾਰਧਾਰਾ ਰਾਜਨੀਤਿਕ, ਕਾਨੂੰਨੀ, ਨੈਤਿਕ, ਸੁਹਜਾਤਮਿਕ, ਧਾਰਮਿਕ ਅਤੇ ਦਾਰਸ਼ਨਿਕ ਦ੍ਰਿਸ਼ਟੀਕੋਣਾਂ ਅਤੇ ਵਿਚਾਰਾਂ ਦਾ ਪ੍ਰਬੰਧ ਹੈ"।[1] ਸੋ ਵਿਚਾਰਧਾਰਾ ਆਪਣੇ ਯੁਗ ਦੇ ਧਰਮ, ਦਰਸ਼ਨ, ਗਿਆਨ, ਵਿਗਿਆਨ ਅਤੇ ਕਲਾ ਨੂੰ ਵੀ ਨਿਸ਼ਚਿਤ ਰੂਪ ਵਿਚ ਪ੍ਰਭਾਵਿਤ ਕਰਦੀ ਹੈ। ਜੇਕਰ ਕਿਹਾ ਜਾਵੇ ਕਿ ਵਿਚਾਰਧਾਰਾ ਯੁੱਗ ਦ੍ਰਿਸ਼ਟੀ ਦੇ ਰੂਪ ਵਿਚ ਸਾਹਿਤ ਅਤੇ ਹੋਰ ਕਲਾਵਾਂ ਨੂੰ ਦਿਸ਼ਾ ਪ੍ਰਦਾਨ ਕਰਦੀ ਹੈ ਤਾਂ ਕੁਝ ਗਲਤ ਨਹੀਂ ਹੋਵੇਗਾ। ਪੰਜਾਬੀ ਗੀਤ ਵੀਡੀਓ ਦੇ ਪ੍ਰਸੰਗ ਵਿਚ ਇਹ ਵਿਚਾਰਧਾਰਾਈ ਅਧਿਐਨ ਹੋਰ ਵੀ ਰੌਚਕ ਸਿੱਟੇ ਪੇਸ਼ ਕਰਦਾ ਹੈ। ਅੱਜ ਦੀ ਪੰਜਾਬੀ ਗੀਤ ਵੀਡੀਓ ਵਿਸ਼ਵ ਮੰਡੀ ਦਾ ਅੰਗ ਬਣ ਕੇ ਕਰੋੜਾਂ ਰੁਪਏ ਦਾ ਵਣਜ ਵਪਾਰ ਬਣ ਚੁੱਕੀ ਹੈ। ਇਸ ਗੀਤ ਵੀਡੀਓ ਦੇ ਅਨੇਕਾਂ ਰੰਗ ਹਨ ਜਿਨ੍ਹਾਂ ਨੂੰ ਕਿਸੇ ਇਕ ਇਕਹਿਰੇ ਵਿਚਾਰਧਾਰਾਈ ਪ੍ਰਪੰਚ ਵਿਚ ਰੱਖ ਕੇ ਨਹੀਂ ਸਮਝਿਆ ਤੇ ਵਿਚਾਰਿਆ ਜਾ ਸਕਦਾ। ਪੰਜਾਬੀ ਸੱਭਿਆਚਾਰ ਦੀ ਪਰੰਪਰਾ ਵਿਚ ਪ੍ਰਵਾਣਿਤ ਅਤੇ ਰੱਦ ਕੀਤੀਆਂ ਵਿਭਿੰਨ ਮਾਨਵੀ ਪ੍ਰਵਿਰਤੀਆਂ ਇਸ ਵਿਚ ਪੇਸ਼ ਹੁੰਦੀਆਂ ਹਨ। ਇਹ ਸੁਤੰਤਰ ਸਿਰਜਨਾਤਮਕਤਾ ਦਾ ਖੇਤਰ ਨਹੀਂ ਸਗੋਂ ਇਸ ਦਾ ਸਿੱਧਾ ਸੰਬੰਧ ਵਿਸ਼ਵ ਮੰਡੀ ਨਾਲ ਹੈ। ਤਕਨੀਕ ਦੇ ਵਿਕਾਸ ਨਾਲ ਗੀਤ, ਫ਼ਿਲਮਾਂਕਣ ਨਾਲ ਜੁੜ ਜਾਂਦਾ ਹੈ। ਗੀਤ ਫ਼ਿਲਮਾਂਕਣ ਦੇ ਰੂਪ ਵਿਚ ਮੰਡੀ ਪੰਜਾਬੀ ਮਨ ਨੂੰ ਚੇਤ-ਅਚੇਤ ਹਰ ਪੱਖ ਤੋਂ ਆਪਣੇ ਅਧੀਨ ਹੀ ਨਹੀਂ ਕਰਦੀ ਸਗੋਂ ਇਸ ਨੂੰ ਇਕ ਨਵੇਂ ਵਿਚਾਰ ਪ੍ਰਬੰਧ ਅਨੁਸਾਰ ਘੜਦੀ ਹੈ। ਇਸ ਨਵੇਂ ਵਿਚਾਰ ਪ੍ਰਬੰਧ ਦਾ ਹਰ ਵਿਚਾਰ ਮੰਡੀ ਦੇ ਤਰਕ ਅਨੁਸਾਰ ਸਿਰਜਿਆ ਹੁੰਦਾ ਹੈ। ਵਿਸ਼ਵੀਕਰਨ ਦੇ ਨਾਂ 'ਤੇ ਗਿਆਨ ਅਤੇ ਸ਼ਕਤੀ ਦਾ ਜਿਹੜਾ ਨਵਾਂ ਪ੍ਰਵਚਨ ਸਿਰਜਿਆ ਜਾ ਰਿਹਾ ਹੈ ਇਹ ਸਾਮਰਾਜਵਾਦ ਦਾ ਨਵਾਂ ਰੂਪ ਹੀ ਹੈ। ਇਸ ਪ੍ਰਕਿਰਿਆ ਦੌਰਾਨ ਪੰਜਾਬੀ

ਮਨ ਉੱਪਰ ਵਿਸ਼ਵ ਮੰਡੀ ਦੀ ਮਾਰ ਦਾ ਪ੍ਰਭਾਵ ਸਪੱਸ਼ਟ ਨਜ਼ਰ ਆਉਂਦਾ ਹੈ। ਡਾ. ਨਾਹਰ ਸਿੰਘ ਵਿਸ਼ਵੀਕਰਨ ਦੀ ਪ੍ਰਕਿਰਿਆ ਦੇ ਸੱਭਿਆਚਾਰਕ ਬਣਤਰਾਂ 'ਤੇ ਪਏ ਪ੍ਰਭਾਵਾਂ ਨੂੰ ਚਿਤਵਦਿਆਂ ਲਿਖਦੇ ਹਨ, "ਵਿਸ਼ਵੀਕਰਨ ਦੀ ਇਸ ਪ੍ਰਕਿਰਿਆ ਵਿਚ ਕਾਰਪੋਰੇਟ ਜਗਤ ਸੱਭਿਆਚਾਰਾਂ ਨੂੰ ਤੇ ਲੋਕਾਂ ਦੀਆਂ ਮਾਨਸਕ ਭਾਵੁਕ ਸੰਰਚਨਾਵਾਂ ਨੂੰ ਵਿਸ਼ਵ ਮੰਡੀ ਦੇ ਤਰਕ ਨਾਲ ਆਪਣੇ ਕਲਾਵੇ ਵਿਚ ਲੈਂਦਾ ਹੈ। ਇਹ ਸਥਾਨਕ ਸੱਭਿਆਚਾਰਾਂ ਨੂੰ, ਲੋਕਾਂ ਦੀਆਂ ਇੱਛਾਵਾਂ, ਸੁਪਨਿਆਂ ਤੇ ਰੁਚੀਆਂ ਨੂੰ ਮੰਡੀ ਦੀ ਚਕਾਚੌਂਧ ਨਾਲ ਭਰਮਾਉਂਦਾ ਹੈ।... ਇਹ ਸਿਰਜਨਾਤਮਕ ਸੱਭਿਆਚਾਰਕ ਮਨੁੱਖ ਨੂੰ ਅਕਿਰਿਆਸ਼ੀਲ ਉਪਭੋਗੀ ਵਿਚ ਬਦਲਣ ਦੀ ਪ੍ਰਕਿਰਿਆ ਹੈ"।[2] ਸੋ ਪੰਜਾਬੀ ਗੀਤ ਵੀਡੀਓ ਦਾ ਵਿਚਾਰਧਾਰਾਈ ਅਧਿਐਨ ਕਰਨ ਸਮੇਂ ਵਿਸ਼ਵੀਕਰਨ, ਵਿਸ਼ਵ ਪਿੰਡ, ਵਿਸ਼ਵ ਮੰਡੀ, ਉਪਭੋਗੀ ਕਲਚਰ, ਸੱਭਿਆਚਾਰਕ ਉਦਯੋਗ, ਦ੍ਰਿਸ਼ ਸੱਭਿਆਚਾਰ ਆਦਿ ਵਰਤਾਰਿਆਂ ਨੂੰ ਅਗਰਭੂਮਿਤ ਕਰਨਾ ਜਰੂਰੀ ਹੈ। ਡਾ. ਰਵਿੰਦਰ ਸਿੰਘ ਰਵੀ ਮਾਰਕਸ ਦੇ ਹਵਾਲੇ ਨਾਲ ਵਿਭਿੰਨ ਵਰਤਾਰਿਆਂ ਨੂੰ ਸਹੀ ਢੰਗ ਨਾਲ ਸਮਝਣ ਲਈ ਉਨ੍ਹਾਂ ਦੀ ਬਾਹਰੀ ਦਿੱਖ ਅਤੇ ਆਂਤਰਿਕ ਸਾਰ, ਸੁਭਾਅ ਦੇ ਅਧਿਐਨ 'ਤੇ ਜ਼ੋਰ ਦਿੰਦੇ ਹਨ। ਉਨ੍ਹਾਂ ਅਨੁਸਾਰ, "ਕਿਸੇ ਵੀ ਵਰਤਾਰੇ ਦੀ ਸਹੀ ਬਾਹਰਮੁਖੀ ਅਤੇ ਵਿਗਿਆਨਿਕ ਸਮਝ ਦੀ ਉਸਾਰੀ ਲਈ ਉਸ ਦੇ ਦਿਸਦੇ ਪੱਖ ਦੇ ਨਾਲ ਉਸ ਦੇ ਅੰਦਰਲੇ ਸੁਭਾਅ ਨੂੰ ਸਮਝਣਾ ਜਰੂਰੀ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿਚ ਯਥਾਰਥ ਆਪਣੇ ਦਿਖਦੇ ਪੱਖ ਰਾਹੀਂ ਕੇਵਲ ਵਿਕਰਿਤ ਰੂਪ ਵਿਚ ਹੀ ਨਜ਼ਰ ਆਵੇਗਾ"।[3] ਪੰਜਾਬੀ ਗੀਤ ਵੀਡੀਓ ਦੇ ਅਧਿਐਨ ਸਮੇਂ ਵੀ ਇਸ ਧਾਰਨਾ ਅਨੁਸਾਰ ਲੋੜੀਂਦੇ ਗੀਤਾਂ ਦੀ ਬਾਹਰੀ ਦਿੱਖ ਅਤੇ ਆਂਤਰਿਕ ਸਾਰ ਦੇ ਵਿਸ਼ਲੇਸ਼ਣ ਦੁਆਰਾ ਮੂਲ ਵਿਚਾਰਧਾਰਾਈ ਸੂਤਰ ਲੱਭਣ ਦਾ ਯਤਨ ਕੀਤਾ ਜਾ ਰਿਹਾ ਹੈ।

ਮਾਰਕਸਵਾਦੀ ਵਿਚਾਰ ਚਿੰਤਨ ਅਨੁਸਾਰ ਜੇਕਰ ਵਿਚਾਰਧਾਰਾ ਸਮਾਜਕ ਯਥਾਰਥ ਨੂੰ ਲੁਕਾਉਂਦੀ ਹੈ, ਜਮਾਤੀ ਹਿੱਤਾਂ ਨੂੰ ਪੂਰਦੀ ਹੈ, ਪ੍ਰਭੂਤਾਸ਼ਾਲੀ ਵਰਗ ਦੇ ਵਿਚਾਰਾਂ ਨੂੰ ਪ੍ਰਫੁੱਲਤ ਕਰਦੀ ਹੈ ਤਾਂ ਇਹ ਪੂੰਜੀਵਾਦੀ ਵਿਚਾਰਧਾਰਾ ਹੈ। ਪੂੰਜੀਵਾਦੀ ਵਿਚਾਰਧਾਰਾ ਵਿਸ਼ਵੀਕਰਨ, ਵਿਸ਼ਵ ਪਿੰਡ ਵਰਗੇ ਸੰਕਲਪਾਂ ਰਾਹੀਂ ਵਪਾਰਕ ਗਿਣਤੀਆਂ ਮਿਣਤੀਆਂ ਰਾਹੀਂ ਵੱਧ ਤੋਂ ਵੱਧ ਮੁਨਾਫ਼ਾ ਪ੍ਰਾਪਤ ਕਰਨ ਦੀ ਖੇਡ ਖੇਡਦੀ ਹੈ। ਵਿਸ਼ਵੀਕਰਨ ਦੀ ਇਸ ਮੰਡੀ ਵਿਚ ਸੱਭਿਆਚਾਰਾਂ ਨੂੰ ਵੀ ਉਦਯੋਗ ਵਜੋਂ ਵਰਤਿਆ ਜਾਂਦਾ ਹੈ। 21ਵੀਂ ਸਦੀ ਦੀ ਪੰਜਾਬੀ ਗੀਤ

ਵੀਡੀਓ ਦਾ ਸੂਖ਼ਮ ਅਧਿਐਨ ਇਹ ਸਿੱਧ ਕਰਦਾ ਹੈ ਕਿ ਇਹ ਵਿਸ਼ਵੀਕਰਨ ਦੇ ਵਿਭਿੰਨ ਏਜੰਡਿਆਂ ਨੂੰ ਸੱਭਿਆਚਾਰਕ ਬਣਤਰਾਂ ਵਿਚ ਲਪੇਟ ਕੇ ਆਮ ਲੋਕਾਂ ਤੱਕ ਪਹੁੰਚਾਉਂਦੀ ਹੈ। ਅਸਲ ਵਿਚ ਸਥਾਨਿਕ ਸੱਭਿਆਚਾਰਕ ਚਿੰਨ੍ਹਾਂ, ਵਰਤਾਰਿਆਂ ਨੂੰ ਲੋਕ ਮਨ ਤੱਕ ਪਹੁੰਚਣ ਦਾ ਸਾਧਨ ਬਣਾਉਂਦੀ ਇਹ ਪੰਜਾਬੀ ਗੀਤ ਵੀਡੀਓ ਵੱਧ ਤੋਂ ਵੱਧ ਮੁਨਾਫ਼ਾ ਖੱਟਣ ਦੇ ਉਦੇਸ਼ ਵੱਲ ਅਗਰਸਰ ਨਜ਼ਰ ਆਉਂਦੀ ਹੈ। ਵੱਡੇ ਘਰ, ਮਹਿੰਗੀਆਂ ਗੱਡੀਆਂ, ਨਸ਼ਾ, ਹਥਿਆਰ, ਸੋਹਣੀ ਦੇਹ ਵਾਲੀ ਔਰਤ ਆਦਿ ਬਿੰਬ ਪੰਜਾਬੀ ਗੀਤ ਫ਼ਿਲਮਾਂਕਣ ਦਾ ਮੂਲ ਧੁਰਾ ਬਣਦੇ ਨਜ਼ਰ ਆਉਂਦੇ ਹਨ। ਗੀਤ ਦੀ ਫ਼ਿਲਮਾਂਕਣਕਾਰੀ, ਦ੍ਰਿਸ਼ਕਾਰੀ ਉੱਤੇ ਲੱਖਾਂ ਕਰੋੜਾਂ ਰੁਪਏ ਖਰਚੇ ਅਤੇ ਉਸ ਤੋਂ ਵੱਧ ਕਮਾਏ ਜਾਂਦੇ ਹਨ। ਵਿਦੇਸ਼ੀ ਲੋਕੇਸ਼ਨਾਂ, ਵੱਡੀਆਂ ਮਹਿੰਗੀਆਂ ਕਾਰਾਂ, ਅਲੀਸ਼ਾਨ ਮਹਿਲਨੁਮਾਂ ਘਰ, ਹਵੇਲੀਆਂ, ਜਸ਼ਨੀ ਵਿਆਹ, ਪਾਰਟੀਆਂ, ਮਹਿੰਗੇ ਮੋਬਾਇਲ, ਘੜੀਆਂ, ਬੁਲਟ, ਗਹਿਣੇ, ਵਿਦੇਸ਼ੀ ਪਹਿਰਾਵਾ ਪੰਜਾਬੀ ਗੀਤ ਵੀਡੀਓ ਵਿਚ ਉਪਭੋਗੀ ਬਿਰਤੀ ਪੈਦਾ ਕਰਦੇ ਹਨ। ਰੂਹ ਤੇ ਸੰਗੀਤ ਦੇ ਰਿਸ਼ਤੇ ਨੂੰ ਮੰਡੀ ਦੁਆਰਾ ਪ੍ਰਚਾਰੀ ਪ੍ਰਸਾਰੀ ਜਾ ਰਹੀ ਉਪਭੋਗੀ ਵਸਤਾਂ ਦੀ ਮ੍ਰਿਗ ਤ੍ਰਿਸ਼ਨਾ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਇਸ ਲਈ "ਸਮਕਾਲੀ ਯੁੱਗ ਨੂੰ ਮੁੱਖ ਤੌਰ 'ਤੇ ਦ੍ਰਿਸ਼ ਦੀ ਸਰਦਾਰੀ ਦਾ ਯੁੱਗ"[4] ਕਿਹਾ ਗਿਆ ਹੈ। ਤਕਨਾਲੋਜੀ ਦੇ ਵਿਕਾਸ ਨਾਲ ਟੈਲੀਵਿਜ਼ਨ, ਫਿਲਮ, ਇੰਟਰਨੈਟ, ਮੁਬਾਇਲ ਫੋਨ ਤੱਕ ਪਹੁੰਚ ਹਰ ਵਿਅਕਤੀ ਨੂੰ ਮੰਡੀ ਦੇ ਰੂਬਰੂ ਖੜ੍ਹਾ ਕਰ ਦਿੰਦੀ ਹੈ। ਜ਼ਿਆਦਾਤਰ ਪੰਜਾਬੀ ਗੀਤ ਵੀਡੀਓ ਵਿਚ ਬੋਲ ਅਤੇ ਦ੍ਰਿਸ਼ ਦੋਹਾਂ ਪੱਧਰਾਂ ਉੱਤੇ ਅਜਿਹੇ ਸੱਭਿਆਚਾਰਕ ਮੁੱਲਾਂ ਨੂੰ ਸਿਰਜਿਆ ਜਾ ਰਿਹਾ ਜਿਨ੍ਹਾਂ ਦਾ ਜੀਵਨ ਦੀਆਂ ਯਥਾਰਥਕ ਪਰਿਸਥਿਤੀਆਂ ਨਾਲ ਭਾਵੇਂ ਕੋਈ ਸਿੱਧਾ ਸੰਬੰਧ ਨਹੀਂ ਪ੍ਰੰਤੂ ਉਪਭੋਗੀ ਦਰਸ਼ਕ ਇਨ੍ਹਾਂ ਨੂੰ ਯਥਾਰਥ ਵਾਂਗ ਮਾਣਦੇ ਹਨ। ਡਾ. ਗੁਰਮੁਖ ਸਿੰਘ ਦ੍ਰਿਸ਼ ਸੱਭਿਆਚਾਰ ਦੇ ਮਾਇਆਵੀ ਸੰਸਾਰ ਨੂੰ 'ਵਰਚੂਅਲ ਯਥਾਰਥ' ਦੇ ਸੰਕਲਪ ਰਾਹੀਂ ਸਮਝਣ ਦੀ ਤਾਕੀਦ ਕਰਦੇ ਹਨ, "ਵਰਚੂਅਲ ਯਥਾਰਥ ਭੂਗੋਲਿਕ ਸੀਮਾਵਾਂ ਤੇ ਸਰੀਰਾਂ ਦੀ ਹੋਂਦ ਤੋਂ ਮੁਕਤ ਸਮਾਜਿਕ ਸੰਬੰਧਾਂ/ਅਨੁਭਵਾਂ/ਕਾਮਨਾਵਾਂ ਦਾ ਤਾਣਾ ਬਾਣਾ ਹੈ। ਇਹ ਸੰਚਾਰ ਤਕਨਾਲੋਜੀ ਰਾਹੀਂ ਸਕਰੀਨ 'ਤੇ ਘਟਿਤ ਹੁੰਦਾ ਹੈ। ਦੇਹਾਂ ਨਾਲ ਜੁੜੀਆਂ ਜ਼ਮੀਨੀ ਅਸਲੀਅਤਾਂ ਵਰਚੂਅਲ ਯਥਾਰਥ ਵਿਚੋਂ ਗ਼ਾਇਬ ਹੁੰਦੀਆਂ ਹਨ।ਇਹ ਬੰਦੇ ਦੇ ਚੇਤਨ ਅਚੇਤਨ ਦੀਆਂ ਸੋਚਾਂ ਦਾ ਅਜਿਹਾ ਦ੍ਰਿਸ਼ਾਤਮਕ ਅਮਲ ਹੈ ਜਿਹੜਾ ਯਥਾਰਥ ਨਾ ਹੋਣ ਦੇ ਬਾਵਜੂਦ ਯਥਾਰਥ ਲੱਗਦਾ ਹੈ। ਕਈ ਵਾਰ ਇਹ ਜ਼ਮੀਨੀ

ਯਥਾਰਥ ਨਾਲੋਂ ਵੀ ਵੱਧ ਯਥਾਰਥਕ ਲੱਗਦਾ ਹੈ"।[5] ਜ਼ਿਆਦਾਤਰ ਪੰਜਾਬੀ ਗੀਤ ਵੀਡੀਓ ਵਿਚ ਜਿਸ ਖੁਸ਼ਹਾਲ, ਸਮਰਿੱਧ ਪੰਜਾਬ ਦੀ ਪੇਸ਼ਕਾਰੀ ਹੋ ਰਹੀ ਹੈ, ਜਿਸ ਪ੍ਰਕਾਰ ਦੀ ਬ੍ਰੈਂਡਿਡ ਜੀਵਨ ਵਿਧੀ ਨੂੰ ਫ਼ਿਲਮਾਇਆ ਜਾ ਰਿਹਾ ਅਤੇ ਜਿਸ ਪ੍ਰਕਾਰ ਦੇ ਅਮੀਰੀ ਠਾਠ-ਬਾਠ ਨਾਲ ਜਿਉਣ ਵਾਲੇ ਪੂੰਜੀਵਾਦੀ ਨਾਇਕ ਨਾਇਕਾ ਪੇਸ਼ ਹੋ ਰਹੇ ਹਨ ਉਹ ਪੰਜਾਬ ਵਿਚ ਜਾਂ ਤਾਂ ਹੈ ਹੀ ਨਹੀਂ ਜਾਂ ਨਾ ਮਾਤਰ ਰੂਪ ਵਿਚ ਹਨ। ਅੱਜ ਪੰਜਾਬ ਸੈਆਂ ਸੰਕਟਾਂ ਦਾ ਸ਼ਿਕਾਰ ਹੈ ਜਿਸ ਵਿਚ ਗਰੀਬੀ, ਅੱਤ ਦਰਜੇ ਦੀ ਬੇਰੁਜ਼ਗਾਰੀ, ਨਸ਼ੇ, ਮਰ ਰਹੀ ਕਿਸਾਨੀ, ਸਿਹਤ ਸੰਕਟ, ਗੰਧਲਾ ਹੋ ਰਿਹਾ ਵਾਤਾਵਰਣ, ਵੱਡੀ ਗਿਣਤੀ ਵਿਚ ਹੋ ਰਿਹਾ ਪ੍ਰਵਾਸ ਪ੍ਰਮੁੱਖ ਹਨ ਪ੍ਰੰਤੂ ਮੰਡੀ ਦੁਆਰਾ ਸਿਰਜਿਆ ਵਰਚੂਅਲ ਹੋਂਦ ਰੱਖਣ ਵਾਲਾ ਸਮੁੱਚਾ ਮੁੱਲ ਪ੍ਰਬੰਧ ਆਪਣੀ ਮਸਨੂਈ ਹੋਂਦ ਰੱਖਣ ਦੇ ਬਾਵਜੂਦ ਵੀ ਪੰਜਾਬੀ ਮਨ ਉੱਤੇ ਭਾਰੂ ਪੈ ਰਿਹਾ ਹੈ।

ਪੰਜਾਬੀ ਗੀਤ ਵੀਡੀਓ 'ਦ੍ਰਿਸ਼ ਕਲਾ ਰੂਪ' ਹੈ ਜਿਸ ਕਾਰਨ ਇਸ ਵਿਚ ਪੇਸ਼ ਵਿਚਾਰਧਾਰਕ ਪ੍ਰਪੰਚ ਨੂੰ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਲੁਕਾ, ਛਿਪਾ ਕੇ ਸੁਹਜਮਈ ਤੇ ਲੁਭਾਵਣੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਜੇਕਰ ਇਹ ਕਿਹਾ ਜਾਵੇ ਕਿ ਵਿਚਾਰਧਾਰਾ ਜਿੱਥੇ ਗੀਤ ਦੇ ਬੋਲਾਂ ਵਿਚ ਲੁਕ ਛਿਪ ਕੇ ਪੇਸ਼ ਹੋਈ ਹੁੰਦੀ ਹੈ ਉੱਥੇ ਹੀ ਗੀਤ ਦੇ ਫ਼ਿਲਮਾਂਕਣ, ਦ੍ਰਿਸ਼ ਸਿਰਜਣ ਦੀਆਂ ਤਕਨੀਕਾਂ, ਸਮੁੱਚੇ ਗੀਤ ਦੀ ਬਣਤਰ ਤੇ ਬੁਣਤਰ ਵਿਚ ਇਹ ਲੁਕਵੇਂ ਰੂਪ ਚ ਵਿਦਮਾਨ ਹੁੰਦੀ ਹੈ ਤਾਂ ਕੁਝ ਗਲਤ ਨਹੀਂ ਹੋਵੇਗਾ। ਅਜੋਕੀ ਪੰਜਾਬੀ ਗੀਤ ਵੀਡੀਓ ਦੀ ਸਿਰਜਣਕਾਰੀ ਉੱਤੇ ਮੰਡੀ ਪੂਰੀ ਤਰ੍ਹਾਂ ਹਾਵੀ ਹੈ। ਇਹ ਮੰਡੀ ਹਰ ਹੀਲੇ ਬੁਰਜ਼ੂਆ ਵਰਗ ਦੀ ਗਾਲਬੀਅਤ ਨੂੰ ਕਾਇਮ ਕਰਦੀ ਹੈ। ਦੂਸਰੇ ਪਾਸੇ ਇਹ ਬੁਰਜ਼ੂਆ ਵਰਗ ਜਾਂ ਉੱਚ ਸ਼੍ਰੇਣੀ ਪੂੰਜੀਵਾਦੀ ਵਿਚਾਰਧਾਰਾ ਦੀ ਕਾਇਮੀ ਨੂੰ ਯਕੀਨੀ ਬਣਾਉਣ ਲਈ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਇਹ ਜਿੱਥੇ ਮੀਡੀਆ, ਸਿੱਖਿਆ, ਸੱਭਿਆਚਾਰਕ ਬਣਤਰਾਂ ਆਦਿ ਉੱਤੇ ਕੰਟਰੋਲ ਕਰਕੇ ਇਨ੍ਹਾਂ ਨੂੰ ਆਪਣੇ ਲਾਭ ਹਿੱਤ ਵਰਤਦੀ ਹੈ ਉੱਥੇ ਹੀ ਵਿਭਿੰਨ ਕਲਾ ਰੂਪਾਂ ਜਿਨ੍ਹਾਂ ਵਿਚ ਪੰਜਾਬੀ ਗੀਤ ਵੀਡੀਓ ਵਿਸ਼ੇਸ਼ ਰੂਪ ਵਿਚ ਵਰਣਨਯੋਗ ਹੈ, ਨੂੰ ਵੀ ਆਪਣੇ ਵਿਚਾਰਧਾਰਾਈ ਪ੍ਰਪੰਚ ਨੂੰ ਪ੍ਰਚਾਰਨ ਤੇ ਪ੍ਰਸਾਰਨ ਦਾ ਜ਼ਰੀਆ ਬਣਾਉਂਦੀ ਹੈ। ਦੂਸਰੇ ਸ਼ਬਦਾਂ ਵਿਚ ਅੱਜ ਪੰਜਾਬੀ ਗੀਤ ਵੀਡੀਓ ਵੀ ਬੋਲ ਤੇ ਦ੍ਰਿਸ਼ ਦੋਹਾਂ ਪੱਖਾਂ ਤੋਂ ਮੰਡੀ ਦੀ ਵਿਚਾਰਧਾਰਕ ਆਗੂ ਹੀ ਸਿੱਧ ਹੁੰਦੀ ਹੈ।

ਪੰਜਾਬੀ ਗੀਤ ਵੀਡੀਓ ਦੇ ਵਿਚਾਰਧਾਰਾਈ ਸੰਦਰਭਾਂ ਨੂੰ ਸਮਝਣ ਲਈ ਅਲਥਿਊਸਰ ਦੇ

ਵਿਚਾਰਾਂ ਦਾ ਵਿਸ਼ੇਸ਼ ਮਹੱਤਵ ਹੈ। ਉਸ ਦੇ ਅਨੁਸਾਰ, ਹਾਕਮ ਜਮਾਤ ਦੋ ਤਰ੍ਹਾਂ ਦੀਆਂ ਸੰਸਥਾਵਾਂ ਰਾਹੀਂ ਆਪਣੀ ਸਰਦਾਰੀ ਕਾਇਮ ਰੱਖਦੀ ਹੈ। ਪਹਿਲੀ ਸ਼੍ਰੇਣੀ ਨੂੰ ਉਸ ਨੇ ਤਸ਼ੱਦਦਮਈ ਸਟੇਟ ਉਪਕਰਣ ਕਿਹਾ ਹੈ ਕਿਉਂਕਿ ਇਹ ਹਿੰਸਾ ਰਾਹੀਂ ਆਪਣਾ ਕਾਰਜ ਕਰਦੇ ਹਨ ਅਤੇ ਇਨ੍ਹਾਂ ਵਿਚ ਉਹ ਸਰਕਾਰ, ਪ੍ਰਸ਼ਾਸ਼ਨ, ਫ਼ੌਜ, ਪੁਲਿਸ, ਅਦਾਲਤਾਂ ਅਤੇ ਜੇਲ੍ਹਾਂ ਨੂੰ ਸ਼ਾਮਿਲ ਕਰਦਾ ਹੈ। ਦੂਸਰੀ ਤਰ੍ਹਾਂ ਦੀਆਂ ਸੰਸਥਾਵਾਂ ਨੂੰ ਉਹ ਸਟੇਟ ਵਿਚਾਰਧਾਰਕ ਉਪਕਰਣ ਆਖਦਾ ਹੈ। ਇਨ੍ਹਾਂ ਵਿਚਾਰਧਾਰਕ ਉਪਕਰਣਾਂ ਵਿਚ ਧਾਰਮਿਕ, ਰਾਜਨੀਤਿਕ, ਕਾਨੂੰਨੀ, ਪਰਿਵਾਰਕ ਆਦਿ ਖੇਤਰਾਂ ਦੇ ਨਾਲ ਨਾਲ ਸਾਹਿਤ, ਸੱਭਿਆਚਾਰ ਅਤੇ ਕਲਾ ਨੂੰ ਵੀ ਉਹ ਸ਼ਾਮਿਲ ਕਰਦਾ ਹੈ। ਇਨ੍ਹਾਂ ਨੂੰ ਉਹ ਗੈਰ ਤਸ਼ੱਦਦਮਈ ਸਟੇਟ ਉਪਕਰਣ ਆਖਦਾ ਹੈ। ਉਸਦੇ ਅਨੁਸਾਰ ਆਧੁਨਿਕ ਰਾਜ ਇਨ੍ਹਾਂ ਦੋਹਾਂ ਪ੍ਰਕਾਰ ਦੇ ਉਪਕਰਣਾਂ ਦੀ ਵਰਤੋਂ ਕਰਦਾ ਹੈ। ਬਹੁਤ ਸਾਰੇ ਪੰਜਾਬੀ ਗੀਤਾਂ ਦੀ ਵੀਡੀਓ ਵਿਚ ਮਹਿਲ ਨੁਮਾ ਘਰ, ਲਗਜ਼ਰੀ ਗੱਡੀਆਂ, ਮਹਿੰਗੇ ਹਥਿਆਰ, ਨਸ਼ੇ ਦੀ ਵਡਿਆਈ ਸਿਰਜਕੇ ਅਜਿਹੀ ਲੋਕ ਮਾਨਸਿਕਤਾ ਘੜੀ ਜਾ ਰਹੀ ਹੈ ਜਿਸ ਵਿਚ ਇਨ੍ਹਾਂ ਵਸਤਾਂ ਦੀ ਪ੍ਰਾਪਤੀ ਹੀ ਜੀਵਨ ਦਾ ਇਕੋ ਇਕ ਅੰਤਿਮ ਉਦੇਸ਼ ਨਜ਼ਰ ਆਉਂਦੀ ਹੈ। ਇਨ੍ਹਾਂ ਦੀ ਪ੍ਰਾਪਤੀ ਦੀ ਅੰਨ੍ਹੀ ਦੌੜ ਵਿਚ ਪਿਆ ਪੰਜਾਬੀ ਮਨ ਆਪਣੀ ਜੀਵਨ ਦੀਆਂ ਮੁਸ਼ਕਿਲਾਂ, ਸਮੱਸਿਆਵਾਂ ਦੀ ਜੜ੍ਹ ਵਿਚ ਜਾਣ ਤੇ ਸਮਝਣ, ਸਮਝਾਉਣ ਦੀ ਥਾਂ ਸਟੇਟ ਦੀਆਂ ਵਿਭਿੰਨ ਸੰਰਚਨਾਵਾਂ ਦਾ ਕੇਵਲ ਪ੍ਰਭਾਵ ਮਾਤਰ ਬਣ ਕੇ ਰਹਿ ਜਾਂਦਾ ਹੈ। ਅਲਥਿਊਸਰ ਅਨੁਸਾਰ ਇਹੀ ਕਾਰਨ ਹੈ ਕਿ ਲੋਕਾਂ ਦੀ ਚੇਤਨਾ ਅਲੋਚਨਾਤਮਕ ਨਹੀਂ ਹੁੰਦੀ ਤੇ ਹਾਕਮ ਜਮਾਤ ਦੀਆਂ ਲੋਕ ਵਿਰੋਧੀ ਨੀਤੀਆਂ ਤੇ ਵਿਚਾਰਾਂ ਦਾ ਵਿਰੋਧ ਕਰਨ ਦੀ ਥਾਂ ਲੋਕ ਜਾਣੇ ਅਣਜਾਣੇ, ਚਾਹੇ ਅਣਚਾਹੇ ਯਥਾ ਸਥਿਤੀ ਦੀ ਸੇਵਾ ਵਿਚ ਲੱਗੇ ਰਹਿੰਦੇ ਹਨ। ਇਸ ਪ੍ਰਕਾਰ ਗ਼ੈਰ ਤਸ਼ੱਦਦਮਈ ਉਪਕਰਨਾਂ ਦੀ ਸਹਾਇਤਾ ਨਾਲ ਲੋਕਾਂ ਦੇ ਅਵਚੇਤਨ ਨੂੰ ਨਿਯੰਤਰਿਤ ਕਰਕੇ ਪ੍ਰਭੁਤਾਸੰਪੰਨ ਸ਼੍ਰੇਣੀ ਦੀ ਸੇਵਾ ਵਿਚ ਲਾਇਆ ਜਾਂਦਾ ਹੈ। ਅਲਥਿਊਸਰ ਵਿਚਾਰਧਾਰਾ ਨੂੰ 'ਚੇਤਨਤਾ ਦਾ ਵਿਗੜਿਆ ਹੋਇਆ ਰੂਪ' ਆਖਦਾ ਹੈ। ਉਸ ਦੇ ਅਨੁਸਾਰ, "ਵਿਚਾਰਧਾਰਾ ਭਾਵੇਂ ਚੇਤਨਤਾ ਦਾ ਇਕ ਰੂਪ ਹੈ ਅਤੇ ਆਪਣਾ ਸਮਾਜਿਕ ਰੋਲ ਅਦਾ ਕਰਦੀ ਹੈ ਪਰ ਕਿਉਂਕਿ ਇਹ ਹਾਕਮ ਜਮਾਤ ਦਾ ਪੱਖ ਪੂਰਦੀ ਹੈ ਇਸ ਲਈ ਇਹ ਚੇਤਨਤਾ ਦਾ ਵਿਗੜਿਆ ਹੋਇਆ ਰੂਪ ਹੈ"।[6] ਜ਼ਿਆਦਾਤਰ ਪੰਜਾਬੀ ਗੀਤਾਂ ਦੀ ਵੀਡੀਓ ਵਿਚ ਪੇਸ਼ ਵਿਚਾਰਧਾਰਾ ਵੀ ਚੇਤਨਾ ਦਾ ਵਿਗੜਿਆ ਹੋਇਆ ਰੂਪ ਹੀ ਨਜ਼ਰ ਆਉਂਦੀ ਹੈ। ਪੰਜਾਬੀ

ਗੀਤ ਵੀਡੀਓ ਦਾ ਨਾਇਕ 'ਜੱਟ' ਕੋਠੀਆਂ, ਹਵੇਲੀਆਂ, ਮੁਰੱਬਿਆਂ ਦਾ ਮਾਲਕ ਹੈ। ਸੋਹਣੀਆਂ ਔਰਤਾਂ ਨੂੰ ਭੋਗਦਾ, ਮਹਿੰਗੀਆਂ ਗੱਡੀਆਂ ਭਜਾਉਂਦਾ, ਉਹ ਨਸ਼ੇ ਵੀ ਬੜੇ ਮਾਣ ਨਾਲ ਕਰਦਾ ਹੈ। ਉਸ ਦੇ ਡੱਬ ਵਿਚ ਰਿਵਾਲਵਰ ਭਰਿਆ ਰਹਿੰਦਾ ਹੈ ਤੇ ਉਹ ਲੋੜ ਦੀ ਥਾਂ ਸ਼ੌਕ ਨਾਲ ਬਿਨਾਂ ਕਿਸੇ ਕਾਰਨ ਗੋਲੀਆਂ ਚਲਾਉਂਦਾ ਹੈ। ਅਸਲ ਵਿਚ ਮੰਡੀ, 'ਜੱਟ' ਸ਼੍ਰੇਣੀ ਨੂੰ ਜਾਤੀ ਗੌਰਵ ਦੇ ਜਾਲ ਵਿਚ ਜਕੜ ਕੇ ਜਿੱਥੇ ਇੱਕ ਪਾਸੇ ਜਾਤੀ ਗੌਰਵ, ਹਿੰਸਾ ਤੇ ਜਸ਼ਨ ਆਦਿ ਨੂੰ ਵੇਚ ਰਹੀ ਹੈ ਉੱਥੇ ਹੀ ਇਕ ਵੱਖਰੀ ਪ੍ਰਕਾਰ ਦੇ ਤਣਾਅ ਪੂਰਨ ਰਿਸ਼ਤੇ ਸਿਰਜ ਰਹੀ ਹੈ, ਜਿਹੜੇ ਜੱਟ ਅਤੇ ਗ਼ੈਰ ਜੱਟ ਵਿਚ ਵਿਰੋਧ ਦਾ ਕਾਰਨ ਬਣ ਰਹੇ ਹਨ। 'ਜੱਟ' ਅਸਲ ਵਿਚ ਕੋਈ ਜਾਤੀ ਗੌਰਵ ਦਾ ਸੂਚਕ ਨਹੀਂ ਹੈ। ਪੰਜਾਬ ਦੀ ਆਮਦਨੀ ਦਾ ਧੁਰਾ ਖੇਤੀ ਰਿਹਾ ਹੈ ਜਿਸ ਕਾਰਨ ਕਿਸਾਨੀ ਸੱਭਿਆਚਾਰ ਹੀ ਪੰਜਾਬ ਦੇ ਇਕੋ ਇਕ ਭਾਰੂ ਸੱਭਿਆਚਾਰ ਵਜੋਂ ਹੋਂਦਸ਼ੀਲ ਰਿਹਾ ਹੈ। ਹਰੀ ਕ੍ਰਾਂਤੀ ਆਉਣ ਨਾਲ ਖੇਤੀ ਪੂੰਜੀਵਾਦੀ ਤਕਨੀਕ ਆਧਾਰਿਤ ਹੋ ਗਈ ਪਰ ਖੇਤੀ ਵਿਚ ਜੱਟ ਧਿਰ ਦੀ ਸ਼ਮੂਲੀਅਤ ਹੋਣ ਕਾਰਨ ਪੰਜਾਬ ਵਿਚ ਜੱਟ ਸੱਭਿਆਚਾਰ ਹੀ ਗਾਲਿਬ ਸੱਭਿਆਚਾਰ ਵਜੋਂ ਸਵਿਕ੍ਰਿਤ ਹੋ ਗਿਆ। ਇਸ ਗੌਰਵ ਵਿਚ ਹੋਰ ਵਾਧਾ ਪੰਜਾਬੀ ਗੀਤ ਵੀਡੀਓ ਆਪਣੇ ਬੋਲਾਂ ਅਤੇ ਦ੍ਰਿਸ਼ ਫ਼ਿਲਮਾਂਕਣਕਾਰੀ ਰਾਹੀਂ ਕਰ ਰਹੀ ਹੈ। ਮੰਡੀ ਦੁਆਰਾ ਪੈਦਾ ਕੀਤੀ ਬਿਮਾਰ ਮਾਨਸਿਕਤਾ ਵਾਲੀ ਜੱਟ ਬਿਰਤੀ ਬਜ਼ਾਰ ਵਿਚ ਧੜਾਧੜ ਵਿਕ ਰਹੀ ਹੈ। ਪੰਜਾਬੀ ਗੀਤ ਵੀਡੀਓ ਵਿਚ ਮੰਡੀ ਦੁਆਰਾ ਘੜੀ ਜਾ ਰਹੀ ਵਿਚਾਰਧਾਰਾਈ ਚੇਤਨਾ ਵਿਕ੍ਰਤ ਸਰੂਪ ਦੀ ਹੈ ਜਿਸ ਵਿਚ ਮਾਨਵੀ ਗੌਰਵ ਦੀ ਥਾਂ ਜਾਤੀ ਗੌਰਵ, ਨਸਲੀ ਗੌਰਵ, ਮੰਦ ਰੁਚੀਆਂ ਤੇ ਦਿਖਾਵੇਬਾਜ਼ੀ ਨੂੰ ਜੋਰਾਂ ਸ਼ੋਰਾਂ ਨਾਲ ਪ੍ਰਚਾਰਿਆ ਤੇ ਵਡਿਆਇਆ ਜਾ ਰਿਹਾ ਹੈ।

ਸਬਾਲਟਰਨ ਦੇ ਸੰਕਲਪ ਪੱਖੋਂ ਵੀ ਪੰਜਾਬੀ ਗੀਤ ਵੀਡੀਓ ਵਿਚ ਕਈ ਨਵੀਂਆਂ ਵਿਚਾਰਧਾਰਾਈ ਤੰਦਾਂ ਖੁਲਦੀਆਂ ਨਜ਼ਰੀਂ ਆਉਂਦੀਆਂ ਹਨ। ਪਿਤਾ ਪੁਰਖੀ ਤੰਤਰ ਵਾਲੇ ਪੰਜਾਬੀ ਸਮਾਜ ਵਿਚ ਪੰਜਾਬੀ ਔਰਤ ਦਾ ਜਿਹੜਾ ਬਿੰਬ ਘੜਿਆ ਗਿਆ ਹੈ ਉਹ ਕੇਵਲ ਉਸ ਔਰਤ ਨੂੰ ਹੀ ਪ੍ਰਵਾਨਗੀ ਦਿੰਦਾ ਹੈ ਜਿਹੜੀ ਸਮਾਜਿਕ ਮਾਣ ਮਰਿਆਦਾ ਦੇ ਚੌਖਟੇ ਵਿਚ ਢਲੀ ਹੋਈ ਹੈ। ਸੰਗਾਊ, ਸ਼ਰਮਾਊ ਤੇ ਘਰ ਦੀ ਦਹਿਲੀਜ਼ ਨਾ ਉਲੰਘਣ ਵਾਲੀ, ਕਿਸਮਤ ਮਾਰੀ(ਕਿਉਂਕਿ ਉਸ ਨੇ ਕੁੜੀ ਦੇ ਰੂਪ ਵਿਚ ਜਨਮ ਲਿਆ ਹੈ), ਪਰ ਨਿਰਭਰ ਰੂਪ ਚ ਵਿਚਰਦੀ ਔਰਤ ਹੀ ਇਸ ਸਮਾਜ ਵਿਚ ਪ੍ਰਵਾਨਯੋਗ ਹੈ। ਗੁਰਦਾਸ ਮਾਨ,

ਹਰਿਭਜਨ ਮਾਨ, ਹੰਸਰਾਜ ਹੰਸ ਵਰਗੇ ਕੁਝ ਗਾਇਕਾਂ ਦੇ ਕਈ ਗੀਤਾਂ ਵਿਚ ਬੋਲ ਤੇ ਦ੍ਰਿਸ਼ ਪੱਖੋਂ ਅਜਿਹੀ ਹੀ ਪੰਜਾਬੀ ਔਰਤ ਦੀ ਪੇਸ਼ਕਾਰੀ ਹੋਈ ਹੈ ਜਿਹੜੀ ਪੰਜਾਬੀ ਮਰਿਯਾਦਾ ਦੇ ਅਨੁਸਾਰੀ ਹੈ। ਗੀਤ ਦੇ ਬੋਲ ਤੇ ਫ਼ਿਲਮਾਂਕਣ ਕਾਰੀ ਵਿਚ ਪੇਸ਼ ਅਜਿਹੀ ਔਰਤ ਨੂੰ ਵੇਖ ਕੇ ਭਾਵੇਂ ਅਸੀਂ ਪੰਜਾਬੀ ਸੱਭਿਆਚਾਰ ਦੇ ਵੱਡੇਪਣ ਦੇ ਭਾਵੇਂ ਕਿੰਨੇ ਹੀ ਸੋਹਲੇ ਕਿਉਂ ਨਾ ਗਾ ਲਈਏ ਪਰ ਇਸ ਤੱਥ ਤੋਂ ਭੱਜ ਨਹੀਂ ਸਕਦੇ ਕਿ ਪੰਜਾਬੀ ਲੋਕ ਮਨ ਵਿਚ ਔਰਤ ਪ੍ਰਤੀ ਨਜ਼ਰੀਆ ਪਿਛਾਂਹ-ਖਿੱਚੂ ਹੀ ਰਿਹਾ ਹੈ। ਪੰਜਾਬੀ ਸੱਭਿਆਚਾਰ ਦੇ ਅਨੁਸਾਰੀ ਗੀਤਾਂ ਦੇ ਬੋਲ ਤੇ ਫ਼ਿਲਮਾਂਕਣ ਸਿਰਜਣ ਦੇ ਦਾਵੇਦਾਰ ਗਾਇਕ/ਨਿਰਦੇਸ਼ਕ ਭਾਵੇਂ ਓਪਰੀ ਨਜ਼ਰੀਂ ਪੰਜਾਬੀ ਔਰਤ ਦੇ ਮਾਣ ਤੇ ਰੁਤਬੇ ਦੀ ਪੇਸ਼ਕਾਰੀ ਕਰਦੇ ਨਜ਼ਰ ਆਉਂਦੇ ਹਨ ਪ੍ਰੰਤੂ ਅਸਲੀਅਤ ਇਸ ਤੋਂ ਉਲਟ ਹੈ ਅਜਿਹੇ ਗਾਣਿਆਂ ਵਿਚ ਔਰਤ ਦੂਜੈਲੀ, ਹਾਸ਼ੀਆਗਤ ਧਿਰ ਹੀ ਬਣਦੀ ਹੈ। ਅਜਿਹੇ ਗਾਣਿਆਂ ਵਿਚ ਕਦੇ ਤਾਂ ਉਸ ਪ੍ਰਤੀ ਤਰਸ ਦੇ ਭਾਵ ਉਜਾਗਰ ਹੁੰਦੇ ਹਨ 'ਕੁੜੀਏ ਕਿਸਮਤ ਪੁੜੀਏ ਤੈਨੂੰ ਇੰਨਾ ਪਿਆਰ ਦਿਆਂ'(ਗੁਰਦਾਸ ਮਾਨ) ਅਤੇ ਕਦੇ 'ਨੀਵੀਂ ਧੌਣ ਕਸੀਦਾ ਕੱਢਦੀ ਕੁੜੀ ਕੁਆਰੀ' (ਹਰਿਭਜਨ ਮਾਨ) ਆਖ ਕੇ ਉਸ ਦੀ ਹੀਣੀ ਤੇ ਬੰਧੇਜੀ ਸਥਿਤੀ ਨੂੰ ਵਡਿਆਇਆ ਜਾਂਦਾ ਹੈ। ਪਰ-ਨਿਰਭਰ ਹੋਣ ਕਾਰਨ ਉਹ ਸੋਹਣੇ ਘਰ, ਸੁਖ, ਸੁਵਿਧਾਵਾਂ ਦਾ ਸੁਪਨਾ ਤਾਂ ਦੇਖਦੀ ਹੈ ਪ੍ਰੰਤੂ ਉਸ ਸੁਪਨੇ ਦੀ ਪੂਰਤੀ ਆਪਣੀ ਮਿਹਨਤ ਦੇ ਸਿਰ ਤੇ ਕਰਨ ਦੀ ਥਾਂ ਉਹ ਆਪਣੇ ਪਤੀ ਅੱਗੇ ਤਰਲੇ ਕਰਦੀ ਦਿਖਾਈ ਜਾਂਦੀ ਹੈ, 'ਝੀਲਾਂ ਕੋਲ ਬਠਿੰਡੇ ਕੋਠੀ ਪਾ ਦੇ ਵੇ ਮਾਹੀਆ'(ਪ੍ਰੀਤ ਬਰਾੜ), ਮੈਂ ਨਹੀਂ ਆਉਣਾ ਜੇ ਨਾ ਆਇਆ ਲੈਣ ਸਫ਼ਾਰੀ ਤੇ (ਮਿਸ ਪੂਜਾ), ਬੱਸ ਸੋਹਣੇ ਸੋਹਣੇ ਸੂਟ ਦਵਾਉਂਦਾ ਰਹੀ ਜੱਟੀ ਨੂੰ (ਨਿਮਰਤ ਖਹਿਰਾ), 'ਗੱਡੀ ਦੇ ਪੁਆਉਂਦਾ ਰਹਿੰਨੈ ਰਿੰਮ ਵੇ ਮੇਰੇ ਵੀ ਪੁਆ ਦੇ ਕਦੇ ਝਾਂਜਰਾਂ' (ਕਰਨ ਔਜਲਾ)। ਇਨ੍ਹਾਂ ਗੀਤਾਂ ਦੇ ਗੀਤਕਾਰ, ਨਿਰਦੇਸ਼ਕ ਸਭ ਮਰਦ ਹਨ ਜੋ ਔਰਤ ਦੇ ਮੂੰਹ ਵਿਚ ਆਪਣੇ ਬੋਲ ਪਾਉਂਦੇ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਗੀਤ ਵਿਚ ਪੇਸ਼ ਭਾਵ ਔਰਤ ਦੇ ਮਨ ਦੇ ਹਨ। ਦਰਸ਼ਕ ਧਿਰ ਦਾ ਪਿੱਤਰਕੀ ਬਣਤਰ ਵਾਲਾ ਨਜ਼ਰੀਆ ਅਜਿਹੀਆਂ ਪੇਸ਼ਕਾਰੀਆਂ ਨੂੰ ਭਰਪੂਰ ਰੂਪ ਵਿਚ ਪ੍ਰਵਾਨ ਕਰਦਾ ਹੈ। ਗਾਇਤਰੀ ਚੱਕਰਵਰਤੀ ਸਪੀਵਾਕ ਆਪਣੇ ਲੇਖ 'Can the Subaltern Speak' ਵਿਚ ਉਸ ਸਮੁੱਚੇ ਵਿਚਾਰ ਪ੍ਰਬੰਧ 'ਤੇ ਪ੍ਰਸ਼ਨ ਚਿੰਨ ਲਗਾਉਂਦੀ ਹੈ ਜਿਹੜਾ ਆਪਣੇ ਵਿਸ਼ੇਸ਼ ਹਿੱਤਾਂ ਦੀ ਪੂਰਤੀ ਲਈ ਸਬਾਲਟਰਨ ਨੂੰ ਸਮਝਣ-ਸਮਝਾਉਣ ਵਿਚ ਰੁਕਾਵਟਾਂ ਖੜ੍ਹੀਆਂ ਕਰਦਾ ਹੈ, ਉਸ ਦੇ

ਬੋਲ ਨੂੰ ਦਬਾਉਂਦਾ, ਉਸ ਨੂੰ ਆਪਣੇ ਮਨ ਚਾਹੇ ਅਰਥਾਂ ਵਿਚ ਬੰਨਦਾ ਤੇ ਪੇਸ਼ ਕਰਦਾ ਹੈ। ਪੰਜਾਬੀ ਗੀਤ ਵੀਡੀਓ 'ਚ ਪੇਸ਼ ਔਰਤ ਵੀ ਅਜਿਹੀ ਸਬਾਲਟਰਨ ਧਿਰ ਹੀ ਹੈ। ਗੀਤਾਂ ਦੇ ਬੋਲਾਂ ਤੇ ਫ਼ਿਲਮਾਂਕਣਕਾਰੀ ਵਿਚ ਪੇਸ਼ ਔਰਤ ਦੀ ਸਬਾਲਟਰਨ ਧਿਰ ਵਜੋਂ ਹੋਂਦ ਉਸ ਸਮੇਂ ਹੋਰ ਵੀ ਪੱਕੀ ਹੋ ਜਾਂਦੀ ਹੈ ਜਦੋਂ ਉਸ ਦੀ ਦੇਹ ਨੂੰ ਅਤਿ ਕਾਮੁਕ ਰੂਪ 'ਚ ਪੇਸ਼ ਕਰਦਿਆਂ ਉਸ ਦੇ ਮਾਨਵੀ ਅਸਤਿੱਤਵ ਨੂੰ ਬਿਲਕੁਲ ਵਸਤੂਵਾਦੀ ਤੇ ਭੋਗਵਾਦੀ ਬਿਰਤੀ ਤਹਿਤ ਪੇਸ਼ ਕੀਤਾ ਜਾਂਦਾ ਹੈ। ਡਾ. ਗੁਰਮੁਖ ਸਿੰਘ ਨੇ ਆਪਣੇ ਇਕ ਲੇਖ 'ਪੰਜਾਬੀ ਗੀਤ-ਫ਼ਿਲਮਾਂਕਣ ਅਤੇ ਔਰਤ-ਪਛਾਣ' ਵਿਚ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਪੰਜਾਬੀ ਸੰਗੀਤ ਉਦਯੋਗ ਦੁਆਰਾ ਔਰਤ ਦੇਹ ਦੀ ਪੇਸ਼ਕਾਰੀ ਦੇ ਸੰਕਟਾਂ ਨੂੰ ਤਰਕ ਸਹਿਤ ਪੇਸ਼ ਕੀਤਾ ਹੈ। ਮੰਡੀ ਦੁਆਰਾ ਔਰਤ ਦੇਹ ਨੂੰ ਅਧਾਰ ਬਣਾ ਕੇ ਅਪਣਾਈ ਤੇ ਪ੍ਰਚਾਰੀ ਜਾ ਰਹੀ ਇਸ ਅਵਿਵੇਕ ਦ੍ਰਿਸ਼ਟੀ ਦਾ ਜਾਇਜ਼ਾ ਲੈਂਦਿਆਂ ਉਹ ਲਿਖਦੇ ਹਨ, "ਪੰਜਾਬੀ ਗੀਤ ਫ਼ਿਲਮਾਂਕਣ ਵਿਚ ਔਰਤ ਭਰਪੂਰ ਰੂਪ ਵਿਚ ਹਾਜ਼ਰ ਹੈ ਪਰ ਇਹ ਹਾਜ਼ਰੀ ਕਿਸੇ ਔਰਤ ਪੱਖੀ ਪ੍ਰਵਚਨ ਨੂੰ ਚਿੰਨ੍ਹਤ ਨਹੀਂ ਕਰਦੀ।...ਪੰਜਾਬੀ ਗੀਤ ਵੀਡੀਓ ਨੂੰ ਤਿਆਰ ਕਰਨ ਵਾਲੇ 95 ਪ੍ਰਤਿਸ਼ਤ ਲੋਕ ਮਰਦ ਹਨ ਅਤੇ ਉਨ੍ਹਾਂ ਇਹ ਵੀ ਮੰਨ ਲਿਆ ਹੈ ਕਿ ਇਨ੍ਹਾਂ ਗੀਤਾਂ ਨੂੰ ਦੇਖਣ ਵਾਲੇ ਦਰਸ਼ਕ ਦਾ ਰੂਪ ਮਰਦਾਨਾ ਹੈ। ਇਸ ਤਰ੍ਹਾਂ ਸਮੁੱਚੇ ਗੀਤ ਵੀਡੀਓ ਦੇ ਪਿੱਛੇ ਕਾਰਜਸ਼ੀਲ ਦ੍ਰਿਸ਼ਟੀ ਮਰਦ ਦੀ ਹੈ ਅਤੇ ਉਸੇ ਦੀ ਚਾਹਤ ਦਾ ਸੰਸਾਰ ਸਿਰਜਿਆ ਜਾਂਦਾ ਹੈ"।[7] ਲੌਰਾ ਮੁਲਵੇਅ ਦੇ ਲੇਖ , 'Visual Pleasure and Narrative Cinema' ਵਿਚ 'ਮੇਲ ਗੇਜ਼' ਦੇ ਸੰਕਲਪ ਰਾਹੀਂ ਸਿਨਮੇ ਦੇ ਨਿਰਮਾਣ ਤੇ ਪੇਸ਼ਕਾਰੀ ਵਿਚ ਔਰਤ ਪ੍ਰਤੀ ਮਰਦਾਵੇਂ ਵਿਚਾਰ ਪ੍ਰਪੰਚ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸਥਿਤੀ ਉਸ ਸਮੇਂ ਹੋਰ ਵੀ ਗੁੰਝਲਦਾਰ ਹੋ ਜਾਂਦੀ ਹੈ ਜਦੋਂ ਔਰਤ ਖ਼ੁਦ, ਮੰਡੀ ਦੁਅਰਾ ਸਿਰਜੇ ਔਰਤ ਵਿਧਾਨ ਨੂੰ ਆਪਣੀ ਹੋਂਦ ਤੇ ਆਜ਼ਾਦੀ ਦਾ ਮਰਕਜ਼ ਮੰਨ ਲੈਂਦੀ ਹੈ ਅਤੇ ਆਪਣੀ ਮਾਨਵੀ ਹੋਂਦ ਵਜੋਂ ਪਛਾਣ ਲਈ ਲੜਾਈ ਲੜਨ ਦੀ ਥਾਂ ਯਥਾਸਥਿਤੀ ਨੂੰ ਖ਼ੁਸ਼ੀ ਨਾਲ ਪ੍ਰਵਾਨ ਕਰ ਲੈਂਦੀ ਹੈ। ਅਜਿਹੇ ਸਮੇਂ ਸਾਨੂੰ ਇਸ ਵਿਚਾਰ ਨੂੰ ਸਹਿਮਤੀ ਦੇਣੀ ਪੈਂਦੀ ਹੈ ਕਿ "ਸਮਕਾਲੀ ਪੰਜਾਬੀ ਸਮਾਜ ਵਿਚ ਸਾਮੰਤੀ ਪਿੱਤਰ ਸੱਤਾ ਦੀ ਵਿਚਾਰਧਾਰਾ ਤੇ ਵਿਸ਼ਵ ਪੂੰਜੀਵਾਦ ਦੀ ਮੁਨਾਫ਼ੇ ਦੀ ਰਾਜਨੀਤੀ ਵਿਚ ਬਣੀ ਭਾਈਵਾਲੀ ਨੇ ਔਰਤ ਨੂੰ ਇਕ ਪਾਸੇ ਦੂਜੈਲੀ, ਸਹਾਇਕ ਤੇ ਪਰ ਨਿਰਭਰ ਹੋਂਦ ਬਣਾ ਦਿੱਤਾ ਹੈ ਤਾਂ ਦੂਜੇ ਪਾਸੇ ਉਸ ਨੂੰ ਮਹਿਜ਼ ਇਕ ਉਪਭੋਗ ਦੀ ਵਸਤ

ਹੋਣ ਤੱਕ ਸੀਮਿਤ ਕਰ ਦਿੱਤਾ ਹੈ। ਆਪਣੀ ਇਸ ਸਥਿਤੀ ਪ੍ਰਤੀ ਔਰਤ ਦੀ ਚੇਤਨਾ ਨਾ ਮਾਤਰ ਹੈ"।[8] ਸੰਸਾਰ ਪ੍ਰਸਿੱਧ ਨਾਰੀ ਚਿੰਤਕਾਂ ਲੂਸ ਇਰਿਗੈਰੇ ਅਤੇ ਹੈਲਨ ਸਿੱਖੂ ਨੇ ਉਤਰ ਆਧੁਨਿਕਤਾਵਾਦੀ ਪੈਰਾਡਾਈਮਾਂ ਨੂੰ ਵੀ ਮਰਦਪ੍ਰਸਤ/ਪਿਤਰਕੀ ਸੋਚ ਪ੍ਰਬੰਧ ਤੋਂ ਮੁਕਤ ਨਹੀਂ ਮੰਨਿਆ। ਔਰਤ ਦੀ ਸਥਿਤੀ ਵਿਚ ਸੁਧਾਰ ਲਈ 'ਇਰਿਗੈਰੇ ਦੀ ਇਹ ਧਾਰਨਾ ਬੜੀ ਮਹੱਤਵਪੂਰਨ ਹੈ ਕਿ "ਹੁਣ ਇਕ ਸੱਭਿਆਚਾਰਕ ਪਰਿਵਰਤਨ (ਮਿਊਟੇਸ਼ਨ) ਦੀ ਲੋੜ ਹੈ। ਇਹ ਮਿਊਟੇਸ਼ਨ ਪੁਰਖ ਅਤੇ ਨਾਰੀ ਦਾ ਲਿੰਗ ਅੰਤਰ ਮੰਨ ਕੇ ਨਵੇਂ ਚਿੰਤਨ ਨੂੰ ਵਿਕਸਿਤ ਕਰਨ ਦੇ ਲਖਸ਼ ਨਾਲ ਨਵੀਂਆਂ ਪੈਰਾਡਾਈਮਾਂ ਉਸਾਰਨਾ ਹੈ। ਇਸ ਨਾਲ ਆਸ਼ਾਵਾਦੀ ਅਤੇ ਭਵਿੱਖਰਥੀ ਮਾਹੌਲ ਬਣੇਗਾ"।[9] ਹੈਲਨ ਸਿੱਖੂ ਮੰਡੀਵਾਦੀ ਸੋਚ ਅਤੇ ਪੁਰਖ ਤੰਤਰੀ ਪ੍ਰਬੰਧ ਉੱਤੇ ਤਿੱਖਾ ਵਾਰ ਕਰਦੀ ਲਿਖਦੀ ਹੈ ਕਿ "ਹੁਣ ਔਰਤ ਦੀ ਦੇਹ ਦੀ ਥਾਂ ਇਕ ਬੇਚੈਨ ਕਰਨ ਵਾਲਾ ਅਜਨਬੀ ਪਾ ਦਿੱਤਾ ਗਿਆ ਹੈ, ਬੀਮਾਰ ਅਤੇ ਮ੍ਰਿਤ"।[10] ਅਸਲ ਵਿਚ ਔਰਤ ਦੇਹ ਨੂੰ ਅਜਨਬੀ, ਬੀਮਾਰ ਤੇ ਮ੍ਰਿਤ ਰੂਪ ਚ ਪੇਸ਼ ਕਰਦੀ ਹੈਲਨ ਸਿੱਖੂ ਕੇਵਲ ਪੁਰਸ਼ਤੰਤਰ ਦੀ ਰਾਜਨੀਤੀ ਉੱਤੇ ਹੀ ਵਾਰ ਨਹੀਂ ਕਰ ਰਹੀ ਸਗੋਂ ਅੱਜ ਦੀ ਔਰਤ ਦੀ ਉਸ ਸਥਿਤੀ ਅਤੇ ਸੋਚ 'ਤੇ ਵੀ ਕਰੜਾ ਵਾਰ ਕਰਦੀ ਹੈ ਜਿਸ ਅਧੀਨ ਵਿਚਰਦੀ ਔਰਤ ਆਪਣੀ ਅਜਿਹੀ ਨਾਸ਼ਕ ਸਥਿਤੀ ਪ੍ਰਤੀ ਅਵੇਸਲੀ ਹੋਈ ਬੈਠੀ ਹੈ। ਪੰਜਾਬੀ ਗੀਤ ਵੀਡੀਓ ਵਿਚ ਸਾਨੂੰ ਕਿਤੇ ਵੀ ਅਜਿਹੀ ਔਰਤ ਦੇ ਦਰਸ਼ਨ ਨਹੀਂ ਹੁੰਦੇ ਜਿਹੜੀ ਆਪਣੀ ਮਾਨਵੀ ਹੋਂਦ ਸਥਾਪਿਤ ਕਰਨ ਲਈ ਜੂਝ ਰਹੀ ਹੋਵੇ। ਇੱਥੋਂ ਤੱਕ ਕਿ ਜਿਨ੍ਹਾਂ ਗੀਤਾਂ ਦੇ ਬੋਲਾਂ ਜਾਂ ਫ਼ਿਲਮਾਂਕਣ ਵਿਚ ਔਰਤ ਕਿਸੇ ਸ਼ਕਤੀਸ਼ਾਲੀ ਭੂਮਿਕਾ ਵਿਚ ਦਿਖਾਈ ਗਈ ਹੈ ਉੱਥੇ ਵੀ ਗਾਣੇ ਦੇ ਅੰਤ 'ਤੇ ਜਾ ਕੇ ਉਸ ਨੂੰ ਪੁਰਸ਼ ਤੰਤਰ ਦੇ ਚੌਖਟੇ ਵਿਚ ਬੰਦ ਕਰਕੇ ਕਮਜ਼ੋਰ, ਮਾਸੂਮ, ਬੇਚਾਰੀ, ਭਾਵੁਕ, ਮੁਸ਼ਕਿਲਾਂ ਦਾ ਸਾਹਮਣਾ ਕਰਨ ਦੇ ਅਯੋਗ, ਪੂਰੀ ਤਰ੍ਹਾਂ ਪੁਰਸ਼ 'ਤੇ ਨਿਰਭਰ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਇਸ ਪੱਖੋਂ ਬੱਬੂ ਮਾਨ ਦਾ ਗਾਣਾ 'ਮਿੱਤਰਾਂ ਨੂੰ ਸ਼ੌਂਕ ਹਥਿਆਰਾਂ ਦਾ', ਆਰਨੇਤ ਦਾ ਗਾਣਾ, 'ਡਿਸਟੈਂਸ ਏਜ', ਗੁਰਨਾਮ ਭੁੱਲਰ ਦਾ ਗਾਣਾ , 'ਫੋਨ ਮਾਰ ਦਈ' ਵਿਸ਼ੇਸ਼ ਰੂਪ ਵਿਚ ਧਿਆਨਯੋਗ ਹਨ। ਫ਼ਿਲਮਾਂਕਣ ਵਿਚ ਇਨ੍ਹਾਂ ਗੀਤਾਂ ਦੀਆਂ ਨਾਇਕਾਵਾਂ ਪੁਲਿਸ ਵਾਲੀਆਂ ਹਨ। ਉਨ੍ਹਾਂ ਕੋਲ਼ ਵਰਦੀ ਤੇ ਗੰਨ ਦੇ ਰੂਪ ਵਿਚ ਸ਼ਕਤੀ ਤਾਂ ਹੈ ਪਰ ਕੇਵਲ ਦਿਖਾਵੇ ਲਈ। ਗੀਤ ਦੇ ਅੰਤ 'ਤੇ ਨਾਇਕ ਨੂੰ ਉਸ ਤੋਂ ਵੱਧ ਸ਼ਕਤੀਸ਼ਾਲੀ ਸਿੱਧ ਕਰਕੇ ਉਸ ਨੂੰ ਫਿਰ ਮਰਦ ਦੀ ਅਖੰਡ ਸੱਤਾ ਅਧੀਨ ਦੂਜੈਲੇ ਦਰਜੇ 'ਤੇ ਕਰ ਦਿੱਤਾ ਜਾਂਦਾ ਹੈ।

ਪੰਜਾਬੀ ਗੀਤ ਵੀਡੀਓ ਦੇ ਵਿਚਾਰਧਾਰਾਈ ਅਧਿਐਨ ਦੀ ਇਕ ਹੋਰ ਮਹੱਤਵਪੂਰਨ ਤੰਦ 'ਪੱਛਮ ਦੀ ਉੱਤਮਤਾ ਦੀ ਮਿੱਥ' ਦਾ ਉਭਾਰ ਹੈ। ਜ਼ਿਆਦਾਤਰ ਗੀਤਾਂ ਦੇ ਫ਼ਿਲਮਾਂਕਣ ਵਿਚ ਜਿਹੜੀਆਂ ਲੋਕੇਸ਼ਨਾਂ, ਸਮੁੰਦਰੀ ਕਿਨਾਰੇ, ਸਮੁੰਦਰੀ ਜ਼ਹਾਜਾਂ 'ਤੇ ਪਾਰਟੀਆਂ ਦੇ ਦ੍ਰਿਸ਼, ਵਿਦੇਸ਼ੀ ਪਹਿਰਾਵਾ, ਅੰਗਰੇਜ਼ ਮਾਡਲ ਕੁੜੀਆਂ ਅਤੇ ਉਨ੍ਹਾਂ ਦੀਆਂ ਕਾਮ ਉਤੇਜਕ ਨਾਚ ਮੁਦ੍ਰਾਵਾਂ ਆਦਿ ਸਿਰਜੀਆਂ ਜਾਂਦੀਆਂ ਹਨ, ਉਹ ਕਿਸੇ ਵੀ ਪੱਖ ਤੋਂ ਪੰਜਾਬੀ ਜਨ ਜੀਵਨ ਜਾਂ ਸੱਭਿਆਚਾਰਕ ਬਣਤਰਾਂ, ਦ੍ਰਿਸ਼ ਵਿਧਾਨਾਂ ਨਾਲ ਸੰਤੁਲਿਤ ਰਿਸ਼ਤਾ ਕਾਇਮ ਨਹੀਂ ਕਰਦੀਆਂ। ਜੈਜੀ ਬੀ, ਹਨੀ ਸਿੰਘ ਦੀਆਂ ਪੰਜਾਬੀ ਗੀਤ ਵੀਡੀਓ ਵਿਚ ਤਾਂ ਇਸ ਪ੍ਰਭਾਵ ਦੀ ਸਿਖਰ ਵੇਖਣ ਨੂੰ ਮਿਲਦੀ ਹੈ। ਹਨੀ ਸਿੰਘ ਦੇ ਗਾਣਿਆਂ ਵਿਚੋਂ ਜੇਕਰ ਆਵਾਜ਼ ਨੂੰ ਬੰਦ ਕਰ ਦਿੱਤਾ ਜਾਵੇ ਤਾਂ ਇਸ ਦਾ ਫ਼ਿਲਮਾਂਕਣ ਗੈਰ ਪੰਜਾਬੀ ਪੱਛਮੀ ਬੰਦੇ ਨੂੰ ਆਪਣਾ ਹੀ ਲੱਗੇਗਾ। ਦਿਲਜੀਤ ਦੁਸਾਂਝ, ਗਿੱਪੀ ਗਰੇਵਾਲ ਦੇ ਬਹੁਤ ਸਾਰੇ ਗੀਤਾਂ ਦੀ ਵੀਡੀਓ ਵਿਚ ਅਜਿਹੀ ਪੇਸ਼ਕਾਰੀ ਆਮ ਵੇਖਣ ਨੂੰ ਮਿਲਦੀ ਹੈ। ਇਹੋ ਜਿਹੀ ਫ਼ਿਲਮਾਂਕਣਕਾਰੀ ਉਹ ਸਥਿਤੀ ਪਾਰ ਕਰ ਚੁੱਕੀ ਹੈ ਜਿਸ ਅਨੁਸਾਰ ਪੰਜਾਬੀ ਗੀਤ ਵੀਡੀਓ ਵਿਚ ਸਥਾਨਕਤਾ ਅਤੇ ਪਾਰਰਾਸ਼ਟਰੀਅਤਾ ਦਾ ਮਿਲਗੋਭਾ ਹੈ। ਹੁਣ ਮਿਲਗੋਭੇ ਦੀ ਥਾਂ 'ਤੇ ਪੰਜਾਬੀ ਗੀਤ ਵੀਡੀਓ ਦਾ ਪੱਛਮੀਕਰਨ ਰੱਜ ਕੇ ਕੀਤਾ ਜਾ ਰਿਹਾ ਹੈ। ਅੱਜ ਦੇ ਦੌਰ ਦੀ ਪ੍ਰਮੁੱਖ ਸਮੱਸਿਆ ਕੇਵਲ ਉਹ ਪ੍ਰਵਾਸ ਨਹੀਂ ਜਿਹੜਾ ਮਜਬੂਰੀ ਤਹਿਤ ਕੀਤਾ ਜਾ ਰਿਹਾ ਹੈ ਸਗੋਂ ਉਹ ਪ੍ਰਵਾਸ ਵੀ ਹੈ ਜਿਹੜਾ ਆਪਣੀ ਧਰਤੀ 'ਤੇ ਰਹਿ ਕੇ ਦੁਸ਼ਵਾਰੀਆਂ ਨਾਲ ਖਹਿਣ ਦੀ ਥਾਂ ਪੱਛਮੀ ਦੇਸ਼ਾਂ ਦੀ ਚਕਾਚੌਂਧ ਭਰੀ ਜਸ਼ਨਾਵੀ ਦਿੱਖ ਕਾਰਨ ਹੋ ਰਿਹਾ ਹੈ। ਪੱਛਮੀਕਰਨ ਜਾਂ ਬਜ਼ਾਰੂਕਰਨ ਦੇ ਇਸ ਵਿਚਾਰਧਾਰਾਈ ਪ੍ਰਬੰਧ ਨੂੰ ਅਡੋਰਨੋ ਅਤੇ ਹੋਰਖਾਈਮਰ ਦੀ 'ਸੱਭਿਆਚਾਰਕ ਉਦਯੋਗ' ਦੀ ਧਾਰਨਾ ਨਾਲ ਜੋੜ ਕੇ ਵਧੇਰੇ ਵਧੀਆ ਢੰਗ ਨਾਲ ਸਮਝਿਆ ਜਾ ਸਕਦਾ ਹੈ। ਅਡੋਰਨੋ ਅਨੁਸਾਰ, "ਸੱਭਿਆਚਾਰ ਉਦਯੋਗ ਦੀ ਬਣਤਰ ਅਤੇ ਸ਼ਕਤੀ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਇਹ ਲੋਕਾਂ ਅੰਦਰ ਚੀਜ਼ਾਂ ਨੂੰ ਦੇਖਣ ਦੇ ਇਕ ਵਿਸ਼ੇਸ਼ ਨਜ਼ਰੀਏ ਦਾ ਪ੍ਰਵੇਸ਼ ਕਰਾਉਂਦੀ ਹੈ। ਇਹ ਨਜ਼ਰੀਆ ਹੌਲੀ ਹੌਲੀ ਲੋਕਾਈ ਦੀ ਜ਼ਿੰਦਗੀ ਵਿਚ ਇਸ ਕਦਰ ਰਚ ਮਿਚ ਜਾਂਦਾ ਹੈ ਕਿ ਜੋ ਸੱਚ ਨਹੀਂ ਹੁੰਦਾ ਉਹ ਵੀ ਸੱਚ ਨਜ਼ਰ ਆਉਣ ਲੱਗਦਾ ਹੈ"।[11] ਪੂੰਜੀਵਾਦ ਨੇ ਸੱਭਿਆਚਾਰ ਨੂੰ ਕਬਜ਼ੇ ਵਿਚ ਕਰਕੇ ਇਸ ਨੂੰ ਉਦਯੋਗ ਦੇ ਰੂਪ ਵਿਚ ਬਦਲ ਦਿੱਤਾ ਹੈ। ਹੁਣ ਉਪਭੋਗੀ ਵਸਤੂਆਂ ਪ੍ਰਤੀ ਅਜਿਹਾ ਮੋਹ

ਸਿਰਜਿਆ ਜਾ ਰਿਹਾ ਹੈ ਕਿ ਰਿਸ਼ਤੇ ਨਾਤੇ, ਪਿਆਰ, ਮੁਹੱਬਤ, ਜਨਮ ਭੂਮੀ ਪ੍ਰਤੀ ਲਗਾਅ ਵਰਗੇ ਮਨ ਨੂੰ ਸਕੂਨ ਦੇਣ ਵਾਲੇ ਸਭ ਸੰਕਲਪ ਦੂਜੈਲੇ ਥਾਂ 'ਤੇ ਆ ਗਏ ਹਨ ਜਦਕਿ ਉਪਭੋਗੀ ਵਸਤਾਂ ਦੀ ਪ੍ਰਾਪਤੀ ਪ੍ਰਮੁੱਖ ਪ੍ਰੇਰਕ ਤੱਤ ਬਣ ਕੇ ਕੇਂਦਰ ਵਿਚ ਆ ਗਈ ਹੈ। ਪੰਜਾਬੀ ਗੀਤ ਵੀਡੀਓ ਦੇ ਸੰਦਰਭ ਵਿਚ ਇਹ ਗੱਲ ਸਹਿਜੇ ਹੀ ਆਖੀ ਜਾ ਸਕਦੀ ਹੈ ਕਿ ਗੀਤਾਂ ਦੇ ਫ਼ਿਲਮਾਂਕਣ ਵੱਡੀ ਗਿਣਤੀ ਵਿਚ ਵਿਦੇਸ਼ੀ ਲੋਕੇਸ਼ਨਾਂ 'ਤੇ ਫ਼ਿਲਮਾਏ ਜਾ ਰਹੇ ਹਨ ਅਤੇ ਇਸ ਫ਼ਿਲਮਾਂਕਣ ਵਿਚ ਹਰ ਉਹ ਮਹਿੰਗੀ ਬਾਜ਼ਾਰੂ ਵਸਤ ਸ਼ਾਮਿਲ ਕੀਤੀ ਜਾਂਦੀ ਹੈ ਜਿਸ ਦੀ ਪ੍ਰਾਪਤੀ ਆਮ ਬੰਦੇ ਲਈ ਭਾਰਤ ਵਰਗੇ ਦੇਸ਼ ਵਿਚ ਕਰਨੀ ਔਖੀ ਹੈ। ਸੋ ਸੱਭਿਆਚਾਰ ਉਦਯੋਗ ਉਪਭੋਗੀ ਵਸਤੂਆਂ ਦੀ ਪ੍ਰਾਪਤੀ ਦਾ ਰਾਹ ਪੱਛਮ ਵੱਲ ਨੂੰ ਖੋਲ੍ਹਦਾ ਹੈ। ਪੰਜਾਬੀ ਗੀਤ ਵੀਡੀਓ ਜਿਹੜੀ ਸੱਭਿਆਚਾਰ ਤੇ ਮਨੋਰੰਜਨ ਦੇ ਨਾਂ 'ਤੇ ਉਪਭੋਗੀ ਵਸਤਾਂ ਦਾ ਵਿਗਿਆਪਨ ਜ਼ਿਆਦਾ ਪ੍ਰਭਾਵੀ ਰੂਪ ਵਿਚ ਕਰਦੀ ਹੈ ਦਰਸ਼ਕ ਧਿਰ ਨੂੰ ਇਨ੍ਹਾਂ ਦੀ ਪ੍ਰਾਪਤੀ ਦਾ ਰਾਹ ਤੇ ਨਜ਼ਰੀਆ ਉਹ ਹੀ ਸੁਝਾਉਂਦੀ ਹੈ ਜੋ ਮੰਡੀ ਨਿਰਧਾਰਿਤ ਕਰਦੀ ਹੈ। ਕੇਵਲ ਫ਼ਿਲਮਾਂਕਣ ਵਿਚ ਹੀ ਨਹੀਂ ਸਗੋਂ 'ਬੋਲ' ਦੇ ਪੱਖ ਤੋਂ ਵੀ ਬਹੁਤ ਸਾਰੇ ਗੀਤਾਂ ਵਿਚ ਪੰਜਾਬੀ ਭਾਸ਼ਾ ਦਾ ਅਸਥਾਨੀਕਰਨ ਕੀਤਾ ਜਾ ਰਿਹਾ ਹੈ। ਹਰ ਭਾਵ ਨੂੰ ਬਿਆਨ ਕਰਨ ਦੀ ਸਮਰੱਥਾ ਰੱਖਣ ਵਾਲੀ ਪੰਜਾਬੀ ਭਾਸ਼ਾ ਵਿਚ ਅੰਗਰੇਜ਼ੀ ਸ਼ਬਦ ਰਲਾ ਕੇ ਅਜਿਹੀ ਖਿਚੜੀ ਜਿਹੀ ਤਿਆਰ ਕੀਤੀ ਜਾਂਦੀ ਹੈ ਜੋ ਪੱਛਮੀਕਰਨ ਦੀ ਲੀਹ 'ਤੇ ਤੁਰੇ ਜਾਂਦੇ ਨੌਜਵਾਨ ਵਰਗ ਨੂੰ ਬੜੀ ਚੰਗੀ ਲੱਗਦੀ ਹੈ।

ਪੰਜਾਬੀ ਗੀਤ ਵੀਡੀਓ ਵਿਚ ਦ੍ਰਿਸ਼ ਦੀ ਪੇਸ਼ਕਾਰੀ ਦੀ ਤਕਨੀਕ ਵੀ ਵਿਚਾਰਧਾਰਕ ਪੱਖ ਤੋਂ ਵਿਸ਼ੇਸ਼ ਅਧਿਐਨ ਦੀ ਮੰਗ ਕਰਦੀ ਹੈ। ਬਹੁਤ ਸਾਰੇ ਪੰਜਾਬੀ ਗੀਤਾਂ ਦੀ ਵੀਡੀਓ ਦੇ ਦ੍ਰਿਸ਼ ਪਰਪੰਚ ਦਾ ਮੁੱਖ ਵਿਸ਼ਾ ਵਸਤੂ ਜੀਵਨ ਦੇ ਕਿਸੇ ਸਮੱਗਰ ਅਨੁਭਵ ਨੂੰ ਪੇਸ਼ ਕਰਨ ਦੀ ਥਾਂ ਉਸ ਅਨੁਭਵ ਨੂੰ ਛੋਟੇ-ਛੋਟੇ ਟੁਕੜਿਆਂ ਵਿਚ ਵੰਡ ਕੇ ਬੇਤਰਤੀਬੇ ਤੇ ਬੇਤੁਕੇ ਰੂਪ ਵਿਚ ਪੇਸ਼ ਕਰ ਰਿਹਾ ਹੈ। ਅਨੁਭਵ ਨੂੰ ਤੋੜ ਕੇ ਖੰਡਾਂ ਵਿਚ ਵਿਭਾਜਤ ਕਰਨਾ ਮਾਨਸਿਕ ਵਿਖੰਡਨਾ ਤੇ ਗੁੰਝਲਾਂ ਦਾ ਕਾਰਨ ਬਣਦਾ ਹੈ। ਇਸ ਪ੍ਰਕਿਰਿਆ ਦੀ ਨਿਰੰਤਰਤਾ ਕਾਰਨ ਮਨੁੱਖ ਅੰਦਰ ਸੂਚਨਾਵਾਂ ਤੇ ਅਨੁਭਵਾਂ ਨੂੰ ਸਮੱਗਰ ਢਾਂਚੇ ਵਿਚ ਢਾਲਣ ਦੀ ਯੋਗਤਾ ਘਟ ਜਾਂਦੀ ਹੈ ਤੇ ਉਸਦਾ ਅਨੁਭਵ ਵੀ ਛੋਟੇ-ਛੋਟੇ ਬੇਤਰਤੀਬੇ ਟੁਕੜਿਆਂ ਵਿਚ ਵੰਡੇ ਜਾਣ ਕਾਰਨ ਹਾਸ਼ੀਆਕ੍ਰਿਤ ਹੋ ਜਾਂਦਾ ਹੈ। ਮੰਡੀ ਦੁਆਰਾ ਤੈਅ ਸ਼ੁਦਾ ਢੰਗ ਨਾਲ ਪੈਦਾ ਕੀਤੀ ਜਾ ਰਹੀ

ਇਹ ਵਿਖੰਡਤਤਾ, ਬੇਤੁਕਾਪਣ, ਬੇਤਰਤੀਬੀ ਹੀ ਮੰਡੀ ਦੀ ਚਾਲਕ ਸ਼ਕਤੀ ਹੈ ਜਿਹੜੀ ਬੌਧਿਕਤਾ ਦਾ ਪਤਨ ਕਰਦੀ ਹੈ। ਅੱਜ ਬਹੁਤ ਸਾਰੇ ਊਲ-ਜਲੂਲ, ਬੇਤੁਕੇ, ਭਾਵ ਵਿਰੋਧੀ ਗਾਣਿਆਂ ਦੀ ਪ੍ਰਸਿੱਧੀ ਇਸ ਦਾ ਪ੍ਰਤੱਖ ਪ੍ਰਮਾਣ ਹੈ। ਸ਼ੈਰੀ ਮਾਨ ਦਾ ਗਾਣਾ 'ਹੈਸ਼ ਟੈਗ' ਦ੍ਰਿਸ਼ ਪੱਧਰ ਉਤੇ ਅਜਿਹੇ ਹੀ ਵਿਖੰਡਿਤ, ਬੇਤਰਤੀਬੇ ਤੇ ਊਲ ਜਲੂਲ ਪੁਣੇ ਨੂੰ ਪੇਸ਼ ਕਰਦਾ ਹੈ। ਦਿਲਜੀਤ ਦਾ ਗਾਣਾ 'ਮਿੱਤਰਾਂ ਨੂੰ ਸ਼ੌਂਕ ਗੋਲੀਆਂ ਚਲਾਉਣ ਦਾ', ਸਿੱਧੂ ਮੂਸੇ ਵਾਲੇ ਦਾ ਗਾਣਾ, 'ਟਿੱਬਿਆਂ ਦਾ ਪੁੱਤ', ਗਿੱਪੀ ਗਰੇਵਾਲ ਦਾ ਗਾਣਾ 'ਕਾਰ ਨੱਚਦੀ' ਵਿਚ ਪੇਸ਼ ਵਸਤੂ ਬਿੰਬ ਜਿੱਥੇ ਕਾਰਨ ਕਾਰਜ ਦੇ ਸਿਧਾਂਤ ਤੋਂ ਬਾਹਰੀ ਨਜ਼ਰ ਆਉਂਦੇ ਹਨ ਉੱਥੇ ਹੀ ਆਪਣੇ ਮੂਲ ਕਾਰਜਾਤਮਕ ਰੂਪ ਤੋਂ ਵੀ ਟੁੱਟੇ ਦਿਖਾਈ ਦਿੰਦੇ ਹਨ। ਦਿਲਜੀਤ ਦੇ ਗਾਣੇ ਦੇ ਫ਼ਿਲਮਾਂਕਣ ਵਿਚ ਬਿਨਾਂ ਕਿਸੇ ਕਾਰਨ ਕੇਵਲ ਸ਼ੌਂਕ ਨੂੰ ਪੂਰਨ ਲਈ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਟਿੱਬਿਆਂ ਦਾ ਪੁੱਤ ਗਾਣੇ ਵਿਚ ਵੱਡੀ ਹਵੇਲੀ ਮੂਹਰੇ ਮਹਿੰਗੀ ਕਾਰ ਰੇਸਾਂ ਦਿੰਦੀ ਹੈ, ਟ੍ਰੈਕਟਰ ਨੂੰ ਮੂੰਹ ਉੱਤੇ ਕਰਕੇ ਖੜ੍ਹਾ ਦਿਖਾਇਆ ਗਿਆ ਹੈ ਤੇ ਕਾਰ ਨੱਚਦੀ ਗਾਣੇ ਵਿਚ ਕਾਰ ਸਵਾਰੀ ਦੀ ਥਾਂ ਉੱਛਲਦੀ, ਕੁੱਦਦੀ ਤੇ ਨੱਚਦੀ ਦਿਖਾਈ ਗਈ ਹੈ। ਮਹਿੰਗੀਆਂ ਵਸਤਾਂ, ਹਥਿਆਰਾਂ, ਕਾਰਾਂ, ਟ੍ਰੈਕਟਰਾਂ ਆਦਿ ਦੀ ਅਜਿਹੀ ਦ੍ਰਿਸ਼ ਪੇਸ਼ਕਾਰੀ ਊਲ ਜਲੂਲ ਪੁਣੇ ਤੇ ਫੁਕਰਪੁਣੇ ਦੀ ਨਿਸ਼ਾਨੀ ਹੋ ਨਿਬੜਦੀ ਹੈ। ਗੁਰਦਾਸ ਮਾਨ, ਹਰਿਭਜਨ ਮਾਨ, ਮਨਮੋਹਨ ਵਾਰਿਸ ਦੇ ਗਾਣਿਆਂ ਵਿਚ ਸਹਿਜਤਾ, ਭਾਵਾਂ ਦੀ ਅਨੁਭਵ ਦੇ ਪੱਧਰ 'ਤੇ ਬੜੇ ਠਰੰਮੇ ਨਾਲ ਕੀਤੀ ਪੇਸ਼ਕਾਰੀ ਜਿੱਥੇ ਦਰਸ਼ਕ ਧਿਰ ਦੇ ਮਨ ਨੂੰ ਮੋਹ ਲੈਂਦੀ ਸੀ ਉਹ ਹੁਣ ਹਾਈ ਮਿਊਜ਼ਕ, ਦ੍ਰਿਸ਼ ਲੜੀਆਂ ਦੇ ਬੇਤਰਤੀਬੇਪੁਣੇ, ਬਿੰਬਾਂ/ਚਿੰਨ੍ਹਾਂ/ ਵਸਤੂਆਂ ਦੇ ਬਹੁਤਾਤਪੁਣੇ, ਪ੍ਰਸੰਗ ਤੋਂ ਟੁੱਟੀਆਂ ਊਲ ਜਲੂਲ ਗੱਲਾਂ, ਬੋਲ ਤੇ ਦ੍ਰਿਸ਼ ਦੋਹਾਂ ਦੀ ਲੋੜ ਤੋਂ ਵੱਧ ਤੇਜ਼ ਗਤੀ ਨਾਲ ਕੀਤੀ ਜਾ ਰਹੀ ਪੇਸ਼ਕਾਰੀ ਦੇ ਬੋਝ ਹੇਠ ਦਬ ਗਈ ਹੈ। ਇਹ ਕਾਹਲੀ, ਅਤਿ ਦੀ ਗਤੀਸ਼ੀਲਤਾ, ਤਰਕਹੀਣ, ਅਸਪਸ਼ਟ ਬਿੰਬ ਕਲਾਤਮਕ ਸਿਰਜਣਸ਼ੀਲਤਾ ਨੂੰ ਹੀ ਨਹੀਂ ਵਿਗਾੜ ਰਹੇ ਸਗੋਂ ਖੰਡਿਤ ਚੇਤਨਾ ਵੀ ਪੈਦਾ ਕਰ ਰਹੇ ਹਨ।

ਪੰਜਾਬੀ ਗੀਤ ਵੀਡੀਓ ਵਿਚ ਵੱਡੀ ਪੱਧਰ 'ਤੇ ਮੰਡੀ ਵਾਦੀ ਕਦਰਾਂ ਕੀਮਤਾਂ ਦੀ ਪੁਨਰ ਸਥਾਪਨਾ ਕੀਤੀ ਜਾਂਦੀ ਹੈ ਪ੍ਰੰਤੂ ਤਾਂ ਵੀ ਕਈ ਪੰਜਾਬੀ ਗੀਤਾਂ ਦੇ ਦ੍ਰਿਸ਼ਾਂ ਤੇ ਬੋਲਾਂ ਵਿਚ ਗਾਲਿਬ ਵਿਚਾਰਧਾਰਾ ਨੂੰ ਵਿਖੰਡਿਤ ਵੀ ਕੀਤਾ ਜਾਂਦਾ ਹੈ। ਉਦਾਹਰਨ ਵਜੋਂ ਗੁਰਦਾਸ ਮਾਨ ਦੇ ਗੀਤ ਵੀਡੀਓ 'ਕੁੜੀਏ ਕਿਸਮਤ ਪੁੜੀਏ' ਦਾ ਅਧਿਐਨ ਇਸ ਪੱਖ ਤੋਂ ਲਾਹੇਵੰਦ ਹੈ।

ਇਸ ਗੀਤ ਦੇ ਬੋਲਾਂ ਵਿਚ ਔਰਤ ਪ੍ਰਤੀ ਤਰਸ ਦੇ ਭਾਵ ਪੇਸ਼ ਹੋਏ ਹਨ। ਇਸ ਗੀਤ ਦੇ ਦ੍ਰਿਸ਼ ਵਿਧਾਨ ਦੀ ਘਾੜਤਕਾਰੀ ਅਜਿਹੀ ਹੈ ਜਿਸ ਦੀਆਂ ਕਈ ਦ੍ਰਿਸ਼ ਲੜੀਆਂ ਵਿਚ ਪੰਜਾਬੀ ਸਮਾਜ ਦੀ ਗਾਲਿਬ ਵਿਚਾਰਧਾਰਾ ਪਿੱਤਰੀ ਸੱਤਾ ਨੂੰ ਪੁਨਰ ਸਥਾਪਿਤ ਕੀਤਾ ਗਿਆ ਹੈ ਅਤੇ ਕਈ ਦ੍ਰਿਸ਼ਾਂ ਵਿਚ ਪੇਸ਼ ਚਿੰਨ੍ਹ ਪਿੱਤਰੀ ਸੱਤਾ ਨੂੰ ਵਿਖੰਡਿਤ ਵੀ ਕਰਦੇ ਹਨ। ਗੀਤ ਦੇ ਆਰੰਭਿਕ ਦ੍ਰਿਸ਼ ਵਿਚ ਇਕ ਵੱਡਾ ਬੋਹੜ ਦਾ ਰੁੱਖ ਦਿਖਾਇਆ ਗਿਆ ਹੈ ਜਿਸ ਦੀਆਂ ਟਹਿਣੀਆਂ ਵਿਚੋਂ ਚੜ੍ਹਦੇ ਸੂਰਜ ਦੀਆਂ ਕਿਰਨਾਂ ਦਾ ਪ੍ਰਵੇਸ਼ ਹੁੰਦਾ ਹੈ। ਇਹ ਵੱਡਾ ਰੁੱਖ ਪਿੱਤਰੀ ਸੱਤਾ ਦਾ ਪ੍ਰਤੀਕ ਨਜ਼ਰ ਆਉਂਦਾ ਹੈ ਜਿਸ ਦੀਆਂ ਜੜ੍ਹਾਂ ਸਾਡੇ ਸਮਾਜ ਵਿਚ ਡੂੰਘੀਆਂ ਹਨ। ਗੀਤ ਦੇ ਅੱਗੇ ਵਾਲੇ ਦ੍ਰਿਸ਼ਾਂ ਵਿਚ ਨਾਇਕਾ ਇਸ ਰੁੱਖ ਦੇ ਥੱਲੇ ਖੇਡਦੀ, ਪੀਂਘ ਝੂਟਦੀ ਤੇ ਇਸ ਦੀ ਪੂਜਾ ਕਰਦੀ ਦਿਖਾਈ ਜਾਂਦੀ ਹੈ। ਅਜਿਹੇ ਪਿੱਤਰਕੀ ਸਮਾਜ ਵਿਚ ਧੀ ਲਈ ਸੀਮਿਤ ਦਾਇਰੇ, ਬੰਧਨ ਹਨ ਅਤੇ ਪੁੱਤਰ ਲਈ ਖੁੱਲ੍ਹਾ ਅਸਮਾਨ ਤੇ ਪਿਆਰ। ਗੀਤ ਦੇ ਫ਼ਿਲਮਾਂਕਣ ਵਿਚ ਮਾਂ-ਪਿਉ ਦੇ ਪਾਤਰ ਇਸ ਪਿੱਤਰਕੀ ਰਵਾਇਤ ਨੂੰ ਨਿਭਾਉਂਦੇ ਦਿਖਾਏ ਗਏ ਹਨ। ਪਿੱਤਰਕੀ ਪ੍ਰਬੰਧ ਵਿਚ ਪੁੱਤਰ ਦੇ ਰੂਪ ਵਿਚ ਮੁੰਡਾ ਤੇ ਧੀ ਦੇ ਰੂਪ ਵਿਚ ਕੁੜੀ ਦੋਵੇਂ ਵਿਰੋਧੀ ਧੁਰੇ ਹਨ। ਪੁੱਤਰ ਪ੍ਰਵਾਨ ਤੇ ਧੀ ਅਣਚਾਹੀ, ਬੋਝ ਤੇ ਮਨਫ਼ੀ ਹੋਂਦ ਵਾਲੀ ਹੈ। ਇਸ ਸੋਚ ਨੂੰ ਗੀਤ ਦੇ ਫ਼ਿਲਮਾਂਕਣ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਨਾਇਕਾ/ਕੁੜੀ ਦਾ ਪਿੰਜਰੇ ਵਿਚ ਕੈਦ ਪਰਿੰਦੇ ਨੂੰ ਦੇਖ ਕੇ ਤੜਫਣਾ ਤੇ ਰੋਣਾ ਉਸ ਦੀ ਬੰਧੇਜੀ ਸਥਿਤੀ ਨੂੰ ਪੇਸ਼ ਕਰਦਾ ਹੈ। ਸੂਤਰਧਾਰ ਮਰਦ ਦੁਆਰਾ ਪਰਿੰਦੇ (ਔਰਤ) ਨੂੰ ਅਜ਼ਾਦ ਕਰਨਾ ਇਸ ਸੋਚ ਪ੍ਰਬੰਧ ਨੂੰ ਹੀ ਜ਼ਾਹਿਰ ਕਰਦਾ ਹੈ ਕਿ ਔਰਤ ਉਸ ਸਮੇਂ ਹੀ ਅਜ਼ਾਦ ਹੋ ਸਕਦੀ ਹੈ ਜਦੋਂ ਮਰਦ ਚਾਹੇਗਾ। ਇਹ ਸਾਰੇ ਦ੍ਰਿਸ਼ ਬਿੰਬ ਪਿੱਤਰਕੀ ਪ੍ਰਬੰਧ ਨੂੰ ਪੁਨਰ ਸਥਾਪਿਤ ਕਰਦੇ ਨਜ਼ਰ ਆਉਂਦੇ ਹਨ। ਦੂਸਰੇ ਪਾਸੇ ਗੀਤ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਧੀ/ਕੁੜੀ ਦੇ ਚਿਹਰੇ ਦੇ ਹਾਵ ਭਾਵ ਧਿਆਨ ਦੇਣ ਯੋਗ ਹਨ। ਆਪਣੇ ਨਾਲ ਹੋ ਰਹੇ ਵਿਤਕਰੇ ਨੂੰ ਉਹ ਡੂੰਘਾਈ ਨਾਲ ਮਹਿਸੂਸ ਕਰਦੀ ਹੈ ਤੇ ਕਈ ਦ੍ਰਿਸ਼ਾਂ ਵਿਚ ਉਹ ਆਪਣੇ ਗੁੱਸੇ ਭਰੇ ਭਾਵਾਂ ਨੂੰ ਅਬੋਲ ਰੂਪ ਵਿਚ ਵਿਅਕਤ ਵੀ ਕਰਦੀ ਹੈ। ਉੱਖਲੀ ਵਿਚ ਮਿਰਚਾਂ ਕੁੱਟਦੀ ਇਸ ਵਿਤਕਰੇ ਪ੍ਰਤੀ ਉਹ ਨਫ਼ਰਤ ਜਤਾਉਂਦੀ ਹੈ। ਇੱਥੇ ਉੱਖਲੀ ਪਿਤਰਕੀ ਦਾ ਚਿੰਨ੍ਹ ਹੈ ਜਿਸ ਵਿਚ ਉਹ ਪਿਸ ਰਹੀ ਹੈ। ਗਹਿਣੇ ਉਹ ਅਦਿੱਖ ਜੰਜੀਰਾਂ ਹਨ ਜਿਨ੍ਹਾਂ ਨਾਲ ਉਹ ਬੰਨ੍ਹੀ ਹੋਈ ਹੈ, ਘਰ ਉਹ ਪਿੰਜਰਾ ਹੈ ਜਿਸ ਵਿਚ ਉਹ ਕੈਦ ਹੈ ਤੇ ਬੋਹੜ ਉਹ ਗਾਲਿਬ ਪ੍ਰਬੰਧ ਹੈ ਜਿਸ

ਦੀ ਛਾਂ ਹੇਠ ਉਹ ਅਨੰਦ ਤਾਂ ਮਹਿਸੂਸ ਕਰਦੀ ਹੈ ਪਰ ਇੱਥੇ ਉਸ ਦੀ ਮਾਨਵੀ ਹੋਂਦ ਮਨਫ਼ੀ ਹੈ। ਸੋ ਇਹ ਗੀਤ ਦੀ ਪੇਸ਼ਕਾਰੀ ਭਾਵੇਂ ਕਈ ਥਾਵਾਂ ’ਤੇ ਪਿਤਰਕੀ ਨੂੰ ਪੁਨਰ ਸਥਾਪਿਤ ਕਰਦੀ ਹੈ ਪ੍ਰੰਤੂ ਨਾਲ ਹੀ ਇਸ ਵਿਚ ਪੇਸ਼ ਕਈ ਚਿੰਨ੍ਹ ਪਿਤਰਕੀ ਪ੍ਰਬੰਧ ਨੂੰ ਵਿਖੰਡਿਤ ਕਰਦੇ ਵੀ ਨਜ਼ਰ ਆਉਂਦੇ ਹਨ।

ਇਹ ਕਹਿਣ ਵਿਚ ਕੋਈ ਗੁਰੇਜ਼ ਨਹੀਂ ਕਿ ਪੰਜਾਬੀ ਗੀਤ ਵੀਡੀਓ ਦਾ ਸੰਸਾਰ ਭਾਵੇਂ ਮਨੋਰੰਜਨ ਦੇ ਰੂਪ ਵਿਚ ਪੂੰਜੀਵਾਦੀ ਵਿਚਾਰ ਪ੍ਰਬੰਧਾਂ ਨੂੰ ਪੱਕਿਆਂ ਕਰਦਾ ਹੈ ਪ੍ਰੰਤੂ ਇਸ ਤੱਥ ਤੋਂ ਵੀ ਪਾਸਾ ਵੱਟਣਾ ਔਖਾ ਹੈ ਕਿ ਬਹੁਤ ਸਾਰੇ ਪੰਜਾਬੀ ਗੀਤਾਂ ਦੇ ਬੋਲ ਤੇ ਦ੍ਰਿਸ਼ ਪੰਜਾਬ ਦੀਆਂ ਵੱਡੀਆਂ ਸਮੱਸਿਆਵਾਂ, ਸੰਕਟਾਂ, ਇਤਿਹਾਸਕ ਘਟਨਾਵਾਂ ਨੂੰ ਵੀ ਪੇਸ਼ਕਾਰੀ ਦਾ ਆਧਾਰ ਬਣਾਉਂਦੇ ਹਨ। ਇਨ੍ਹਾਂ ਵਿਚੋਂ ਗੁਰਦਾਸ ਮਾਨ ਦੇ ਗਾਣੇ ‘ਪੰਜਾਬ’ ਵਿਚ ਉਨ੍ਹਾਂ ਬਹੁਤ ਸਾਰੀਆਂ ਸਮੱਸਿਆਵਾਂ ਦੀ ਪੇਸ਼ਕਾਰੀ ਹੋਈ ਹੈ ਜਿਨ੍ਹਾਂ ਨਾਲ ਪੰਜਾਬ ਅੱਜ ਵੱਡੇ ਪੱਧਰ ’ਤੇ ਜੂਝ ਰਿਹਾ ਹੈ ਜਿਵੇਂ ਨਸ਼ਾ, ਵੱਧ ਮੁਨਾਫ਼ੇ ਲਈ ਵੱਡੀ ਮਾਤਰਾ ਵਿਚ ਰੇਅ ਸਪਰੇਅ ਤੇ ਹੋਰ ਮਾਰੂ ਦਵਾਈਆਂ ਦੀ ਖੇਤੀ ਵਿਚ ਕੀਤੀ ਜਾ ਰਹੀ ਵਰਤੋਂ, ਦੁੱਧ ਉਤਪਾਦਨ ਵਿਚ ਟੀਕਿਆਂ ਦੀ ਵਰਤੋਂ, ਗੰਧਲੇ ਤੇ ਜ਼ਹਿਰੀਲੇ ਹੋ ਰਹੇ ਪਾਣੀ, ਧਾਰਮਿਕ ਬੇਅਦਬੀ ਦੀਆਂ ਘਟਨਾਵਾਂ। ਬੱਬੂ ਮਾਨ ਦੇ ਗੀਤ ‘ਮੰਡੀਆਂ ਚ ਜੱਟ ਰੁਲਦਾ’ ਵਿਚ ਜਿੱਥੇ ਇਕ ਪਾਸੇ ਛੋਟੀ ਕਿਸਾਨੀ ਦੇ ਸੰਕਟਾਂ, ਕਰਜ਼ੇ ਦੀ ਮਾਰ, ਕਿਸਾਨ ਖੁਦਕੁਸ਼ੀਆਂ, ਦਾਜ ਦੀ ਬਲੀ ਚੜ੍ਹ ਰਹੀਆਂ ਧੀਆਂ, ਜ਼ਹਿਰੀਲੇ ਪਾਣੀਆਂ ਕਾਰਨ ਫੈਲ ਰਹੀਆਂ ਬਿਮਾਰੀਆਂ, ਵੱਧ ਰਹੇ ਨਸ਼ੇ, ਸਰਕਾਰ ਦੀਆਂ ਨਲਾਇਕੀਆਂ ਨੂੰ ਬੋਲ ਤੇ ਦ੍ਰਿਸ਼ ਦੇ ਰੂਪ ਵਿਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ ਗਿਆ ਹੈ ਉੱਥੇ ਹੀ ਉਸ ਦੇ ਗੀਤਾਂ ‘ਇਕ ਬਾਬਾ ਨਾਨਕ ਸੀ’ ਤੇ ‘ਇੱਕੀਵੀਂ ਸਦੀ ਯੁੱਗ ਵਿਗਿਆਨ ਦਾ’ ਵਿਚ ਵਿਸ਼ਿਸ਼ਟ ਧਰਮ ਤੇ ਡੇਰਿਆਂ ਦੇ ਟਕਰਾਅ ਨੂੰ ਪੇਸ਼ ਕੀਤਾ ਗਿਆ ਹੈ। ਮਨਮੋਹਨ ਵਾਰਿਸ ਦੇ ਗੀਤਾਂ ‘ਧੀਆਂ ਬਚਾਓ, ਰੁੱਖ ਲਗਾਓ, ਪਾਣੀ ਦਾ ਸਤਿਕਾਰ ਕਰੋ ’ ਤੇ ‘ਖਾਧੀਆਂ ਖੁਰਾਕਾਂ ਕੰਮ ਆਉਣੀਆਂ’ ਵਿਚ ਸਦ ਸੰਦੇਸ਼ ਦਾ ਸੰਚਾਰ ਹੈ। ਇਸੇ ਤਰ੍ਹਾਂ ਰਣਜੀਤ ਬਾਵੇ ਦੇ ਗੀਤ ‘ਲਾਹੌਰ’ ਤੇ ਅਮਰਿੰਦਰ ਗਿੱਲ ਦੇ ਗੀਤ ‘ਕਿਤੇ ਮਿਲੇ ਓ ਕੁੜੀ’ ਵਿਚ ਪੰਜਾਬ ਵੰਡ ਦਾ ਹਿਰਦੇਵੇਧਕ ਰੂਪ ਪੇਸ਼ ਹੋਇਆ ਹੈ। ‘ਕਨਵਰ ਗਰੇਵਾਲ’ ਦੇ ਬਹੁਤ ਸਾਰੇ ਮੁਢਲੇ ਗੀਤ ਭਾਵੇਂ ਡੇਰਾਵਾਦ ਦੀ ਮਸ਼ਹੂਰੀ ਕਰਦੇ ਹਨ ਪ੍ਰੰਤੂ ਕਿਸਾਨ ਵਿਰੋਧੀ ਬਿਲਾਂ ਦੇ ਕਾਰਨ ਪੈਦਾ ਹੋਏ ਕਿਸਾਨ ਸੰਘਰਸ਼ ਵਿਚ ਉਸ ਦੇ ਗੀਤਾਂ ‘ਅੱਖਾਂ ਖੋਲ੍ਹ ਪੰਜਾਬ ਸਿਆਂ’, ‘ਜਿੱਤੂਗਾ

ਪੰਜਾਬ', 'ਜਵਾਨੀ ਜ਼ਿੰਦਾਬਾਦ', 'ਪੇਚਾ ਪੈ ਗਿਆ ਸੈਂਟਰ ਨਾਲ' ਨੇ ਇਸ ਸੰਘਰਸ਼ ਨੂੰ ਤਿੱਖਾ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਇਨ੍ਹਾਂ ਗੀਤਾਂ ਦਾ ਵਿਚਾਰਧਾਰਾਈ ਪ੍ਰਬੰਧ ਜਿੱਥੇ ਕਿਸਾਨੀ ਸੰਘਰਸ਼ ਨਾਲ ਸੰਬੰਧਤ ਹੈ ਉੱਥੇ ਹੀ ਇਨ੍ਹਾਂ ਦੀ ਅਤਿਅੰਤ ਪ੍ਰਸਿੱਧੀ ਪਿੱਛੇ ਪੰਜਾਬ ਦਾ ਉਹ ਇਤਿਹਾਸ ਕਾਰਜਸ਼ੀਲ ਦਿਖਾਈ ਦਿੰਦਾ ਹੈ ਜਿਸ ਦੇ ਮਹਾਂਦ੍ਰਿਸ਼ ਵਿਚ ਪੰਜਾਬ ਤੇ ਦਿੱਲੀ ਦੇ ਅਸਹਿਜ ਰਿਸ਼ਤੇ, ਸੈਂਟਰ ਦਾ ਪੰਜਾਬ ਨਾਲ ਮਤਰੇਆਂ ਵਾਲਾ ਵਿਵਹਾਰ, ਪੰਜਾਬ ਦੀ ਸੈਂਟਰ ਪ੍ਰਤੀ ਵਿਦਰੋਹੀ ਸੁਰ, ਟਕਰਾਅ, ਦਿੱਲੀ ਨੂੰ ਜਿੱਤਣ ਦਾ ਜਨੂੰਨ, ਈਨ ਨਾ ਮੰਨਣ ਵਾਲਾ ਹਿੰਡੀ ਸੁਭਾਅ ਆਦਿ ਸ਼ਾਮਿਲ ਹਨ। ਇਹ ਗਾਣੇ ਦਿੱਲੀ ਪ੍ਰਤੀ ਬਗਾਵਤੀ ਸੁਰ ਸਿਰਜਦਿਆਂ ਖ਼ਾਲਿਸਤਾਨ ਪ੍ਰਤੀ ਝੁਕਾਅ ਦੀ ਵੀ ਸੰਕੇਤਕ ਪੇਸ਼ਕਾਰੀ ਕਰਦੇ ਹਨ।

ਸੋ ਉਪਰੋਕਤ ਵਿਚਾਰ ਚਰਚਾ ਦੇ ਆਧਾਰ 'ਤੇ ਅਸੀਂ ਆਖ ਸਕਦੇ ਹਾਂ ਕਿ 'ਪੰਜਾਬੀ ਗੀਤ ਵੀਡੀਓ' ਇਕ ਅਜਿਹਾ ਵਡੇਰਾ ਖੇਤਰ ਹੈ ਜਿਸ ਨੂੰ ਵਿਚਾਰਧਾਰਾ ਦੇ ਕਿਸੇ ਇਕ ਪੱਖ ਨਾਲ ਨਹੀਂ ਬੰਨਿਆ ਜਾ ਸਕਦਾ। ਇਹ ਇਕੋ ਸਮੇਂ ਬਹੁਤ ਸਾਰੀਆਂ ਵਿਚਾਰਧਾਰਾਈ ਤੰਦਾਂ ਵਿਚ ਉਲਝਿਆ ਅਜਿਹਾ ਤਾਣਾ ਬਾਣਾ ਹੈ ਜਿਸ ਦੀ ਹਰ ਇਕ ਤੰਦ ਦੂਸਰੀ ਤੰਦ ਨਾਲ ਇਸ ਰੂਪ ਵਿਚ ਜੁੜੀ ਹੋਈ ਹੈ ਕਿ ਇਕ ਨੂੰ ਦੂਜੀ ਬਿਨਾਂ ਸਮਝਿਆ ਸਮਝਾਇਆ ਹੀ ਨਹੀਂ ਜਾ ਸਕਦਾ। ਵਿਸ਼ਵ ਪੂੰਜੀਵਾਦ ਨੇ ਖ਼ਪਤਕਾਰੀ ਸੱਭਿਆਚਾਰ ਜਾਂ ਸੱਭਿਆਚਾਰਕ ਉਦਯੋਗ ਵਰਗੇ ਜਿਹੜੇ ਪ੍ਰਵਚਨ ਸਿਰਜੇ ਹਨ ਉਨ੍ਹਾਂ ਦੇ ਬਹੁਤ ਸਾਰੇ ਨਕਾਰਾਤਮਕ ਪ੍ਰਭਾਵ ਭਾਵੇਂ ਉਘੜਵੇਂ ਰੂਪ ਵਿਚ ਸਾਹਮਣੇ ਆਉਂਦੇ ਹਨ ਪ੍ਰੰਤੂ ਤਾਂ ਵੀ "ਸਮਕਾਲੀ ਗਲੋਬਲ ਸੱਭਿਆਚਾਰ ਉਹ ਸਪੇਸ ਵੀ ਹੈ ਜਿਸ ਵਿਚ ਵੰਨ ਸੁਵੰਨੇ ਰਾਸ਼ਟਰੀ ਅਤੇ ਖੇਤਰੀ ਸੱਭਿਆਚਾਰ ਇਕ ਦੂਜੇ ਨਾਲ ਭਿੜਦੇ, ਖਹਿੰਦੇ ਅਤੇ ਆਪਣੀ ਪਛਾਣ ਲਈ ਯਤਨਸ਼ੀਲ ਨਜ਼ਰ ਆਉਂਦੇ ਹਨ"।[12] ਡਾ. ਮਨਮੋਹਨ ਸਿੰਘ ਦਾ ਇਹ ਵਿਚਾਰ ਪੰਜਾਬੀ ਗੀਤ ਵੀਡੀਓ 'ਤੇ ਵੀ ਪ੍ਰਭਾਵਸ਼ਾਲੀ ਰੂਪ ਵਿਚ ਲਾਗੂ ਹੁੰਦਾ ਹੈ। ਗਲੋਬਲ ਸੱਭਿਆਚਾਰ ਦੇ ਸਨਮੁੱਖ, ਚੁਣੌਤੀ ਨਾਲ ਖੜ੍ਹਾ ਪੰਜਾਬੀ ਸੱਭਿਆਚਾਰ ਆਪਣੇ ਵਿਲੱਖਣ ਸਰੂਪ ਵਿਚ ਨਾ ਸਹੀ ਪਰ ਨਵੇਂ ਰੂਪ ਵਿਚ ਜ਼ਰੂਰ ਵਿਸ਼ਵ ਦੇ ਕੋਨੇ ਕੋਨੇ ਤੱਕ ਪਹੁੰਚ ਰਿਹਾ ਹੈ। ਪੱਛਮੀ ਸੰਗੀਤ ਉਦਯੋਗ ਵਿਚ ਆਪਣੀ ਵੱਖਰੀ ਪਹਿਚਾਣ ਬਣਾ ਚੁੱਕੇ ਪਿੱਟ ਬੁਲ (ਰੈਪਰ) ਤੇ ਬੇਨ ਪੀਟਰ (ਡਾਇਰੈਕਟਰ) ਵਰਗਿਆਂ ਦੀ ਸ਼ਮੂਲੀਅਤ ਨੇ ਪੰਜਾਬੀ ਗੀਤ ਵੀਡੀਓ ਨੂੰ ਗ਼ੈਰ-ਭਾਰਤੀ, ਗ਼ੈਰ-ਪੰਜਾਬੀ ਦਰਸ਼ਕਾਂ/ਸ੍ਰੋਤਿਆਂ ਤੱਕ ਵੀ ਪਹੁੰਚਾ ਦਿੱਤਾ ਹੈ।

<u>ਹਵਾਲੇ:-</u>

1. 'ਡਾ. ਰਵਿੰਦਰ ਸਿੰਘ ਰਵੀ ਦਾ ਸਮੀਖਿਆ ਦਰਸ਼ਨ', ਸੰਪਾ.ਯੋਗਰਾਜ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ, 2016, ਪੰਨਾ-294.

2. ਨਾਹਰ ਸਿੰਘ (ਡਾ.), 'ਪੰਜਾਬ ਦੀ ਲੋਕਧਾਰਾ ਚਿੰਤਨ ਤੇ ਚੇਤਨਾ', ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2018. ਪੰਨਾ. 36.

3. 'ਡਾ. ਰਵਿੰਦਰ ਸਿੰਘ ਰਵੀ ਦਾ ਸਮੀਖਿਆ ਦਰਸ਼ਨ', ਸੰਪਾ.ਯੋਗਰਾਜ, ਉਹੀ, ਪੰਨਾ-287.

4. ਗੁਰਮੁਖ ਸਿੰਘ, 'ਸਮਕਾਲੀ ਦ੍ਰਿਸ਼-ਸੱਭਿਆਚਾਰ ਅਤੇ ਪੰਜਾਬੀ ਪਛਾਣ' ਪ੍ਰਕਾਸ਼ਕ ਗਰੇਸ਼ੀਅਸ ਬੁੱਕਸ, ਪਟਿਆਲਾ, 2017. ਪੰਨਾ.1

5. ਉਹੀ, ਪੰਨਾ-3

6. ਮਨਮੋਹਨ ਸਿੰਘ (ਡਾ.), 'ਵਿਸ਼ਵ ਚਿੰਤਕ ਲੂਈ ਅਲਥਿਊਸਰ', ਪੰਜਾਬੀ ਅਕਾਦਮੀ, ਦਿੱਲੀ, 2010. ਪੰਨਾ.53

7. ਗੁਰਮੁਖ ਸਿੰਘ, ਉਹੀ, ਪੰਨਾ-110

8. ਮਨਪ੍ਰੀਤ ਮਹਿਨਾਜ਼, 'ਪੰਜਾਬੀ ਸਬਜੈਕਟ ਦਾ ਕਲਪਨਾ ਸੰਸਾਰ', ਗਰੇਸ਼ੀਅਸ ਬੁੱਕਸ, ਪਟਿਆਲਾ, 2022.ਪੰਨਾ-120

9. ਗੁਰਭਗਤ ਸਿੰਘ, 'ਉੱਤਰਆਧੁਨਿਕਵਾਦ', ਪ੍ਰਕਾਸ਼ਕ ਮਦਾਨ ਪਬਲੀਕੇਸ਼ਨਜ਼, ਪਟਿਆਲਾ, ਮਿਤੀ ਹੀਣ. ਪੰਨਾ.91

10. ਉਹੀ, ਪੰਨਾ.93

11. ਵਿਜੈ ਕੁਮਾਰ, 'ਹਨੇਰੇ ਸਮੇਂ ਵਿਚ ਵਿਚਾਰ', (ਅਨੁ. ਇਕਬਾਲ ਸਿੰਘ ਗੋਦਾਰਾ, ਰਵੀ ਦੱਤ ਕੌਸ਼ਿਕ), ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ, 2016. ਪੰਨਾ-57

12. ਮਨਮੋਹਨ ਸਿੰਘ (ਡਾ.), 'ਕਲਾ, ਸੱਭਿਆਚਾਰ, ਮੀਡੀਆ ਅਤੇ ਵਿਚਾਰਧਾਰਾ: ਇਕ ਸਿਧਾਂਤਕ ਪਰਿਪੇਖ', "ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਮੀਡੀਆ ਅੰਤਰ-ਸੰਵਾਦ", (ਮੁੱਖ ਸੰਪਾ. ਰਾਜਿੰਦਰਪਾਲ ਸਿੰਘ ਬਰਾੜ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ,2011. ਪੰਨਾ-32.